ਸਰਕਾਰੀ ਡਾਇਰੀ

ਚੰਡੀਗੜ੍ਹ ਸਾਡਾ ਹੈ ਤੇ ਹਮੇਸ਼ਾ ਰਹੇਗਾ : ਭਗਵੰਤ ਮਾਨ

ਗਣਤੰਤਰ ਦਿਵਸ ਉਤੇ ਹੁਸ਼ਿਆਰਪੁਰ ਵਿਚ ਲਹਿਰਾਇਆ ਤਿਰੰਗਾ

ਹੁਸ਼ਿਆਰਪੁਰ, 27 ਜਨਵਰੀ (ਹਰਪਾਲ ਸਿੰਘ): ਗਣਤੰਤਰ ਦਿਵਸ 'ਤੇ ਹੁਸ਼ਿਆਰਪੁਰ ਵਿਚ ਕੌਮੀ ਤਿਰੰਗਾ ਲਹਿਰਾਉਂਦੇ ਹੋਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਇਸ ਮੌਕੇ ਪੰਜਾਬ ਦੇ ਸੰਵਿਧਾਨਕ ਅਧਿਕਾਰਾਂ ਦੀ ਜ਼ੋਰਦਾਰ ਢੰਗ ਨਾਲ ਪੁਸ਼ਟੀ ਕਰਦਿਆਂ ਅਪਣੀ

- **ਕਿਹਾ, ਸ੍ਰੀ ਗੁਰੂ ਰਵਿਦਾਸ ਜੀ ਦਾ 650ਵਾਂ ਪ੍ਰਕਾਸ਼ ਪੁਰਬ ਵੀ ਸੂਬਾ ਪਧਰੀ ਸਮਾਗਮਾਂ ਰਾਹੀਂ ਮਨਾਇਆ ਜਾਵੇਗਾ**

ਸਰਕਾਰ ਦੇ ਸ਼ਾਸਨ ਰਿਕਾਰਡ ਦਾ ਵਿਸਥਾਰ ਪੂਰਵਕ ਵੇਰਵਾ ਦਿਤਾ। ਭਾਰਤ ਦੇ ਆਜ਼ਾਦੀ ਸੰਗਰਾਮ ਵਿਚ ਪੰਜਾਬ ਦੀਆਂ ਬੇਮਿਸਾਲ ਕੁਰਬਾਨੀਆਂ ਅਤੇ ਦੇਸ਼ ਦੇ ਅੰਨਦਾਤਾ ਤੇ ਖੜਗਭੁਜਾ ਵਜੋਂ ਇਸ ਦੀ ਨਿਰੰਤਰ ਭੂਮਿਕਾ ਨੂੰ ਯਾਦ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਆਜ਼ਾਦੀ ਤੋਂ ਬਾਅਦ ਸੂਬੇ ਨੂੰ ਇਸ ਦੀ ਰਾਜਧਾਨੀ ਅਤੇ ਵਖਰੀ ਹਾਈ ਕੋਰਟ ਤੋਂ ਗ਼ੈਰ ਕਾਨੂੰਨੀ ਤਰੀਕੇ ਨਾਲ ਵਾਂਝਾ ਰਖਿਆ ਗਿਆ ਹੈ। ਉਨ੍ਹਾਂ ਨੇ ਸਪੱਸ਼ਟ ਕੀਤਾ ਕਿ ਚੰਡੀਗੜ੍ਹ, ਪੰਜਾਬ ਯੂਨੀਵਰਸਿਟੀ ਅਤੇ ਇਸ ਦੇ ਪਾਣੀ ਦੇ ਅਧਿਕਾਰਾਂ 'ਤੇ ਪੰਜਾਬ ਦੇ ਦਾਅਵੇ ਨੂੰ ਕਮਜ਼ੋਰ ਕਰਨ ਦੀਆਂ ਕੋਸ਼ਿਸ਼ਾਂ ਸਫ਼ਲ ਨਹੀਂ ਹੋਣਗੀਆਂ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਪੰਜਾਬ ਅਪਣੇ ਹਿਤਾਂ ਦੀ ਰਾਖੀ ਲਈ ਹਰ ਰੋਜ਼ ਕਾਨੂੰਨੀ ਅਤੇ ਸੰਵਿਧਾਨਕ ਚਾਰਾਜੋਈ ਕਰਦਾ ਰਹੇਗਾ। ਸ਼ਾਸਨ ਨੂੰ ਵਿਰਾਸਤ ਅਤੇ ਵਿਸ਼ਵਾਸ ਨਾਲ ਜੋੜਦੇ ਹੋਏ ਮੁੱਖ ਮੰਤਰੀ ਨੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਵਸ ਦੀ ਇਤਿਹਾਸਕ ਯਾਦਗਾਰ, ਸ੍ਰੀ ਅੰਮ੍ਰਿਤਸਰ ਸਾਹਿਬ, ਸ੍ਰੀ ਆਨੰਦਪੁਰ ਸਾਹਿਬ ਅਤੇ ਤਲਵੰਡੀ ਸਾਬੋ ਨੂੰ ਪਵਿੱਤਰ ਸ਼ਹਿਰ ਦਾ ਦਰਜਾ ਦਿਤਾ ਹੈ। ਉਨ੍ਹਾਂ ਨੇ ਐਲਾਨ ਕੀਤਾ ਕਿ ਸ੍ਰੀ ਗੁਰੂ ਰਵਿਦਾਸ ਜੀ ਦਾ 650ਵਾਂ ਪ੍ਰਕਾਸ਼ ਪੁਰਬ ਇਸ ਸਾਲ 1 ਤੋਂ 20 ਫ਼ਰਵਰੀ, 2027 ਤਕ ਰਾਜ ਪਧਰੀ ਪ੍ਰੋਗਰਾਮਾਂ ਰਾਹੀਂ ਮਨਾਇਆ ਜਾਵੇਗਾ। ਸ਼ਾਸਨ ਦੀ ਦਿਸ਼ਾ ਨੂੰ ਉਜਾਗਰ ਕਰਦੇ ਹੋਏ ਮੁੱਖ ਮੰਤਰੀ ਨੇ 'ਯੁੱਧ ਨਸ਼ਿਆਂ ਵਿਰੁਧ' ਅਤੇ 'ਗੈਂਗਸਟਰਾਂ ਤੇ ਵਾਰ' ਤਹਿਤ ਨਸ਼ਿਆਂ, ਗੈਂਗਸਟਰਾਂ ਅਤੇ ਨਾਰਕੋ-ਡਰੋਨਾਂ ਵਿਰੁਧ ਫ਼ੈਸਲਾਕੁੰਨ ਕਾਰਵਾਈ, 10 ਲੱਖ ਰੁਪਏ ਤਕ ਦੀ ਸਰਵਵਿਆਪੀ ਸਿਹਤ ਸੰਭਾਲ, ਰਿਸ਼ਵਤ ਤੋਂ ਬਿਨਾਂ 63,000 ਤੋਂ ਵੱਧ ਸਰਕਾਰੀ ਨੌਕਰੀਆਂ ਪ੍ਰਦਾਨ ਕਰਨ ਅਤੇ ਸੜਕ ਸੁਰੱਖਿਆ ਫ਼ੋਰਸ ਰਾਹੀਂ ਸੜਕ ਹਾਦਸਿਆਂ ਵਿਚ ਮੌਤਾਂ ਵਿਚ ਤੇਜ਼ੀ ਨਾਲ ਕਮੀ ਆਈ ਹੈ। ਉਨ੍ਹਾਂ ਨੇ ਮਨਰੇਗਾ ਵਿਚ ਅਨੁਸੂਚਿਤ ਜਾਤੀ ਅਤੇ ਬੇਜ਼ਮੀਨੇ ਪ੍ਰਵਾਰਾਂ ਨੂੰ ਪ੍ਰਭਾਵਤ ਕਰਨ ਵਾਲੇ ਬਦਲਾਵਾਂ 'ਤੇ ਵੀ ਚਿੰਤਾ ਪ੍ਰਗਟ ਕੀਤੀ, 1.5 ਲੱਖ ਕਰੋੜ ਰੁਪਏ ਦੇ ਰਿਕਾਰਡ ਨਿਵੇਸ਼ ਦਾ ਹਵਾਲਾ ਦਿਤਾ, ਜਿਸ ਨਾਲ 5.2 ਲੱਖ ਨੌਕਰੀਆਂ ਪੈਦਾ ਹੋਈਆਂ ਅਤੇ 13 ਤੋਂ 15 ਮਾਰਚ ਤਕ ਪੰਜਾਬ ਨਿਵੇਸ਼ ਸੰਮੇਲਨ ਦਾ ਐਲਾਨ ਕੀਤਾ। ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਮਾਨ ਨੇ ਕਿਹਾ ਕਿ ਦੇਸ਼ ਅਤੇ ਇਸ ਦੇ ਲੋਕਾਂ ਪ੍ਰਤੀ ਅਥਾਹ ਯੋਗਦਾਨ ਦੇ ਬਾਵਜੂਦ ਪੰਜਾਬ ਕੋਲ ਅਪਣੀ ਰਾਜਧਾਨੀ ਨਹੀਂ ਹੈ। ਆਜ਼ਾਦੀ ਤੋਂ ਬਾਅਦ ਪੰਜਾਬ ਨੂੰ ਗ਼ੈਰ-ਕਾਨੂੰਨੀ ਤੌਰ 'ਤੇ ਇਸ ਤੋਂ ਵਾਂਝਾ ਰਖਿਆ ਗਿਆ ਹੈ। ਸਥਿਤੀ ਨੂੰ ਹੋਰ ਵਿਗਾੜਨ ਲਈ ਸੂਬੇ ਨੂੰ ਇਸ ਦੀ ਰਾਜਧਾਨੀ, ਪੰਜਾਬ ਯੂਨੀਵਰਸਿਟੀ, ਪਾਣੀਆਂ ਅਤੇ ਹੋਰ ਅਧਿਕਾਰਾਂ ਤੋਂ ਵਾਂਝਾ ਕਰਨ ਲਈ ਰੋਜ਼ਾਨਾ ਸਾਜ਼ਿਸ਼ਾਂ ਰਚੀਆਂ ਜਾ ਰਹੀਆਂ ਹਨ। ਇਹ ਕਦੇ ਵੀ ਨਹੀਂ ਹੋਣ ਦਿਤਾ ਜਾਵੇਗਾ। ਚੰਡੀਗੜ੍ਹ, ਪੰਜਾਬ ਦਾ ਅਨਿੱਖੜਵਾਂ ਅੰਗ ਸੀ, ਹੈ ਅਤੇ ਹਮੇਸ਼ਾ ਰਹੇਗਾ ਅਤੇ ਸੂਬਾ ਸਰਕਾਰ ਅਪਣੀ ਰਾਜਧਾਨੀ ਵਾਪਸ ਲੈਣ ਲਈ ਹਰ ਸੰਭਵ ਯਤਨ ਕਰੇਗੀ।

ਹੁਸ਼ਿਆਰਪੁਰ ਵਿਚ ਗਣਤੰਤਰ ਦਿਵਸ ਸਮਾਗਮ ਵਿਚ ਮਾਰਚ ਪਾਸਟ ਦੌਰਾਨ ਸਲਾਮੀ ਲੈਂਦੇ ਹੋਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ।

'ਯੁੱਧ ਨਸ਼ਿਆਂ ਵਿਰੁਧ' ਦੇ 332ਵੇਂ ਦਿਨ 2.1 ਕਿਲੋ ਹੈਰੋਇਨ ਸਮੇਤ 42 ਨਸ਼ਾ ਤਸਕਰ ਕਾਬੂ

ਚੰਡੀਗੜ੍ਹ, 27 ਜਨਵਰੀ : "ਯੁੱਧ ਨਸ਼ਿਆਂ ਵਿਰੁਧ" ਦੇ 332ਵੇਂ ਦਿਨ ਪੰਜਾਬ ਪੁਲਿਸ ਨੇ ਅੱਜ 334 ਥਾਵਾਂ 'ਤੇ ਛਾਪੇਮਾਰੀ ਕੀਤੀ, ਜਿਸ ਉਪਰੰਤ ਸੂਬੇ ਭਰ ਵਿਚ 35 ਐਫ਼ਆਈਆਰਜ਼ ਦਰਜ ਕਰ ਕੇ 42 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਇਸ ਨਾਲ 332 ਦਿਨਾਂ ਵਿਚ ਗ੍ਰਿਫ਼ਤਾਰ ਕੀਤੇ ਗਏ ਕੁੱਲ ਨਸ਼ਾ ਤਸਕਰਾਂ ਦੀ ਗਿਣਤੀ 46,606 ਹੋ ਗਈ ਹੈ। ਫੜੇ ਗਏ ਨਸ਼ਾ ਤਸਕਰਾਂ ਦੇ ਕਬਜ਼ੇ 'ਚੋਂ 2.1 ਕਿਲੋ ਹੈਰੋਇਨ ਅਤੇ 25,400 ਰੁਪਏ ਦੀ ਡਰੱਗ ਮਨੀ ਬਰਾਮਦ ਹੋਈ ਹੈ। ਵਿਸ਼ੇਸ਼ ਡੀਜੀਪੀ ਅਰਪਿਤ ਸ਼ੁਕਲਾ ਨੇ ਦਸਿਆ ਕਿ ਪੰਜਾਬ ਨੂੰ ਗੈਂਗਸਟਰ ਮੁਕਤ ਸੂਬਾ ਬਣਾਉਣ ਲਈ 'ਗੈਂਗਸਟਰਾਂ 'ਤੇ ਵਾਰ' ਫ਼ੈਸਲਾਕੁੰਨ ਜੰਗ ਜਾਰੀ ਹੈ ਅਤੇ ਇਸ ਦੇ 8ਵੇਂ ਦਿਨ ਸੂਬੇ ਭਰ ਵਿਚ ਸ਼ੱਕੀ ਵਿਅਕਤੀਆਂ ਦੀ ਚੈਕਿੰਗ ਕੀਤੀ ਗਈ। ਕਈ ਸ਼ੱਕੀ ਵਿਅਕਤੀਆਂ ਨੂੰ ਕਾਬੂ ਕੀਤਾ ਗਿਆ ਹੈ ਅਤੇ ਅਗਲੇਰੀ ਜਾਂਚ ਜਾਰੀ ਹੈ।

ਸ਼ਹੀਦਾਂ ਦੀ ਦੇਣ ਹੈ ਕਿ ਅਸੀਂ ਘਰਾਂ ਵਿਚ ਆਰਾਮ ਦੀ ਨੀਂਦ ਸੌਂਦੇਂ ਹਾਂ : ਲਾਲਜੀਤ ਭੁੱਲਰ

ਯੈਲੋ ਕਾਰਡ ਪੱਤਰਕਾਰਾਂ ਦੀ ਸਰਕਾਰੀ ਬਸਾਂ ਵਿਚ ਹੁਣ ਨਹੀਂ ਲੱਗੇਗੀ ਟਿਕਟ

ਸ੍ਰੀ ਮੁਕਤਸਰ ਸਾਹਿਬ, 27 ਜਨਵਰੀ (ਗੁਰਦੇਵ ਸਿੰਘ, ਰਣਜੀਤ ਸਿੰਘ) : ਜੇਕਰ ਅੱਜ ਅਸੀਂ ਅਜਾਦੀ ਦਾ ਨਿੱਘ ਮਾਣ ਰਹੇ ਹਾਂ ਤਾਂ ਇਹ ਸਾਡੇ ਸ਼ਹੀਦਾਂ, ਭਗਤ ਸਿੰਘ, ਰਾਜਗੁਰੂ, ਸੁਖਦੇਵ ਸਿੰਘ ਸਮੇਤ ਸਮੂਹ ਸ਼ਹੀਦਾਂ ਦੀ ਕੁਰਬਾਨੀਆਂ ਸਦਕਾ ਹੈ। ਸਾਡੀ ਸੁਰੱਖਿਆ ਲਈ ਦੇਸ਼ ਦੀ ਸਰਹੱਦ 'ਤੇ ਖੜੀ ਭਾਰਤੀ ਫ਼ੌਜ ਦੇ ਕਾਰਨ ਹੀ ਅਸੀਂ ਘਰਾਂ ਵਿਚ ਬੇਫ਼ਿਕਰੀ ਦੀ ਨੀਂਦ ਸੌਂਦੇ ਹਾਂ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਤਾਂ ਸਰਕਾਰ ਦੀ ਸ਼ੁਰੂਆਤ ਹੀ ਸ਼ਹੀਦ ਭਗਤ ਸਿੰਘ ਦੇ ਪਿੰਡ ਖੜਕੜਕਲਾਂ ਤੋਂ ਸ਼ਹੀਦਾਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਹਿਤ ਕੀਤੀ ਹੈ। ਇਹ ਵਿਚਾਰ ਟਰਾਂਸਪੋਰਟ ਅਤੇ ਜੇਲ ਮੰਤਰੀ ਲਾਲਜੀਤ ਸਿੰਘ ਭੁੱਲਰ ਵਲੋਂ ਸ੍ਰੀ ਮੁਕਤਸਰ ਸਾਹਿਬ ਵਿਖੇ ਗਣਤੰਤਰ ਦਿਵਸ 'ਤੇ ਰਾਸ਼ਟਰੀ ਝੰਡਾ ਲਹਿਰਾਉਣ ਉਪਰੰਤ ਪ੍ਰੈਸ ਨਾਲ ਸਾਂਝੇ ਕੀਤੇ। ਉਨ੍ਹਾਂ ਕਿਹਾ ਕਿ ਮੈਂ ਅਪਣੇ ਆਪ ਨੂੰ ਵੱਡਭਾਗਾ ਸਮਝਦਾ ਹਾਂ ਕਿ ਸ਼ਹੀਦਾਂ ਦੀ ਪਵਿੱਤਰ ਧਰਤੀ ਸ੍ਰੀ ਮੁਕਤਸਰ ਸਾਹਿਬ ਵਿਖੇ ਸ਼ੁਭ ਦਿਹਾੜੇ (ਗਣਤੰਤਰ ਦਿਵਸ) 'ਤੇ ਝੰਡਾ ਲਹਿਰਾਉਣ ਦਾ ਸੁਭਾਗ ਪ੍ਰਾਪਤ ਹੋਇਆ ਹੈ। ਜੇਲਾਂ 'ਚ ਨਾਮੀ ਗੈਂਗਸਟਰਾਂ ਤੇ ਵੱਡੇ ਅਪਰਾਧੀਆਂ ਨਾਲ ਆਮ ਕੈਦੀਆਂ ਨੂੰ ਰੱਖਣ ਸਬੰਧੀ ਉਨ੍ਹਾਂ ਕਿਹਾ ਕਿ ਇਸ ਨੂੰ ਰੋਕਣ ਲਈ ਜਿਵੇਂ ਲੁਧਿਆਣਾ ਕਾਦਰ ਬਖ਼ਸ਼ ਗੋਰਸੀਆਂ ਵਰਗੀ ਨਵੀਆਂ ਜੇਲਾਂ ਜੋ ਰਿਹਾਇਸ਼ੀ ਇਲਾਕਿਆਂ ਤੋਂ ਦੂਰ ਹੋਣਗੀਆਂ, ਜਿਨ੍ਹਾਂ ਵਿਚ ਹਾਈ ਕ੍ਰਿਮੀਨਲ ਅਪਰਾਧੀ ਵਖਰੇ ਰੱਖੇ ਜਾਣ ਦੀ ਤਜਵੀਜ ਹੈ। ਉਨ੍ਹਾਂ ਸਰਕਾਰੀ ਬਸਾਂ ਵਿਚ ਪੱਤਰਕਾਰਾਂ ਦੇ ਸਫ਼ਰ ਸਮੇਂ ਯੈਲੋ ਕਾਰਡ ਹੋਣ ਦੇ ਬਾਵਜੂਦ ਲੌਗੋ ਬੁੱਕ ਦੀ ਮੰਗ ਸਬੰਧੀ ਕਿਹਾ ਕਿ ਪੱਤਰਕਾਰ ਲੋਕਤੰਤਰ ਦਾ ਚੌਥਾ ਥੰਮ੍ਹ ਹਨ, ਉਨ੍ਹਾਂ ਤੋਂ ਕਿਰਾਇਆ ਨਹੀਂ ਲਿਆ ਜਾਵੇਗਾ। ਕਾਨੂੰਨ ਵਿਵਸਥਾ ਸਬੰਧੀ ਉਨ੍ਹਾਂ ਕਿਹਾ ਕਿ ਪਹਿਲੀਆਂ ਸਰਕਾਰਾਂ ਨਾਲੋਂ ਸੁਧਾਰ ਕੀਤਾ ਹੈ, ਬਾਕੀ ਇਹ ਗੈਂਗਸਟਰ ਅਕਾਲੀ ਤੇ ਕਾਂਗਰਸੀਆਂ ਨੇ ਬੂਥ ਕੈਪਚਰ ਲਈ ਤਿਆਰ ਕੀਤੇ ਹਨ, ਸਰਕਾਰ ਸੁਧਰਨ ਵਾਲਿਆਂ ਨੂੰ ਜੀ ਆਇਆਂ ਆਖਦੀ ਹੈ, ਨਹੀਂ ਤਾਂ ਅਜਿਹੇ ਅਨਸਰਾਂ ਦੀ ਗੋਲੀ ਦਾ ਜਵਾਬ ਵੀ ਸਾਡੀ ਪੁਲਿਸ ਗੋਲੀ ਨਾਲ ਦੇ ਰਹੀ ਹੈ। ਕੱਚੇ ਮੁਲਾਜ਼ਮ ਜੋ ਚਾਰ ਸਾਲ ਤੋਂ ਸੰਘਰਸ਼ ਦੇ ਰਾਹ 'ਤੇ ਹਨ ਨੂੰ ਪੱਕੇ ਕਰਨ ਸਬੰਧੀ ਉਨ੍ਹਾਂ ਕਿਹਾ ਕਿ ਜਿਹੜੀਆਂ ਜਾਇਜ਼ ਮੰਗਾਂ ਹਨ, ਉਹ ਪੂਰੀਆਂ ਕੀਤੀਆਂ ਜਾ ਰਹੀਆਂ ਹਨ। ਇਸ ਮੌਕੇ ਉਨ੍ਹਾਂ ਨਾਲ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ, ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਸੁਖਜਿੰਦਰ ਸਿੰਘ ਕਾਉਣੀ, ਜਗਦੇਵ ਸਿੰਘ ਬਾਮ ਚੇਅਰਮੈਨ ਕੋਪ੍ਰੇਟਿਵ ਬੈਂਕ ਅਤੇ ਚੇਅਰਮੈਨ ਜਸ਼ਨ ਬਰਾੜ ਹਾਜ਼ਰ ਸਨ।

ਗਣਤੰਤਰ ਦਿਵਸ ਸਮਾਗਮ ਵਿਚ ਕੌਮੀ ਝੰਡਾ ਲਹਿਰਾਉਣ ਤੋਂ ਬਾਅਦ ਪਤਵੰਤਿਆਂ ਨੂੰ ਸਨਮਾਨਤ ਕਰਦੇ ਹੋਏ ਕੈਬਨਿਟ ਮੰਤਰੀ ਲਾਲਜੀਤ ਸਿੰਘ ਭੁੱਲਰ।

ਜ਼ੀਰਕਪੁਰ ਵਿਚ ਕਰਵਾਏ ਗਏ ਅੰਡਰ-14 ਇੰਟਰ ਕਲੱਬ ਕਰਾਟੇ ਚੈਂਪੀਅਨਸ਼ਿਪ ਵਿਚ ਸੋਨ ਤਮਗ਼ਾ ਜਿੱਤਣ ਤੋਂ ਬਾਅਦ ਤਾਨੀਆ।

ਮੰਤਰੀ ਸੰਜੀਵ ਅਰੋੜਾ ਨੇ ਟਿੱਲਾ ਬਾਬਾ ਫ਼ਰੀਦ ਜੀ ਵਿਖੇ ਮੱਥਾ ਟੇਕਿਆ

ਫ਼ਰੀਦਕੋਟ, 27 ਜਨਵਰੀ (ਗੁਰਿੰਦਰ ਸਿੰਘ) : ਟਿੱਲਾ ਬਾਬਾ ਫ਼ਰੀਦ ਜੀ ਵਿਖੇ ਕੈਬਨਿਟ ਮੰਤਰੀ ਸੰਜੀਵ ਅਰੋੜਾ ਆਸ਼ੀਰਵਾਦ ਲੈਣ ਲਈ ਪਹੁੰਚੇ, ਜਿਨ੍ਹਾਂ ਦਾ ਸਵਾਗਤ ਸਿਮਰਜੀਤ ਸਿੰਘ ਸੇਖੋਂ ਪ੍ਰਧਾਨ ਬਾਬਾ ਫ਼ਰੀਦ ਧਾਰਮਕ ਅਤੇ ਵਿਦਿਅਕ ਸੰਸਥਾਵਾਂ ਫ਼ਰੀਦਕੋਟ ਦੀ ਰਹਿਨੁਮਾਈ ਹੇਠ ਜਨਰਲ ਸਕੱਤਰ ਸੁਰਿੰਦਰ ਸਿੰਘ ਰੋਮਾਣਾ, ਖ਼ਜ਼ਾਨਚੀ ਗੁਰਇੰਦਰ ਮੋਹਨ ਸਿੰਘ, ਮੈਂਬਰ ਕੁਲਜੀਤ ਸਿੰਘ ਮੋਂਗੀਆ ਅਤੇ ਨਰਿੰਦਰ ਪਾਲ ਸਿੰਘ ਬਰਾੜ ਵਲੋਂ ਕੀਤਾ ਗਿਆ। ਇਸ ਤੋਂ ਉਪਰੰਤ ਹੈੱਡ ਗ੍ਰੰਥੀ ਸਾਹਿਬਾਨ ਵਲੋਂ ਸਿਰੋਪਾਉ ਭੇਂਟ ਕੀਤਾ ਗਿਆ ਅਤੇ ਪ੍ਰਬੰਧਕ ਕਮੇਟੀ ਵਲੋਂ ਬਾਬਾ ਫ਼ਰੀਦ ਸੰਸਥਾਵਾਂ ਦੇ ਸੰਸਥਾਪਕ ਸਵ. ਇੰਦਰਜੀਤ ਸਿੰਘ ਖ਼ਾਲਸਾ ਦੀਆਂ ਬਾਬਾ ਫ਼ਰੀਦ ਸਾਹਿਬ ਦੀ ਜੀਵਨੀ 'ਤੇ ਲਿਖਤ ਕਿਤਾਬਾਂ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਬੇਅੰਤ ਕੌਰ ਧਰਮਪਤਨੀ ਗੁਰਦਿੱਤ ਸਿੰਘ ਸੇਖੋਂ ਵਿਧਾਇਕ ਫ਼ਰੀਦਕੋਟ, ਸੰਦੀਪ ਸਿੰਘ ਧਾਲੀਵਾਲ ਆਰ.ਟੀ.ਆਈ. ਕਮਿਸ਼ਨਰ, ਸੁਖਮੰਦਰ ਸਿੰਘ ਰੇਖੀ, ਵਧੀਕ ਰਜਿਸਟਰਾਰ ਆਫ਼ ਸੁਸਾਇਟੀਜ਼ ਪੰਜਾਬ ਫ਼ਰੀਦਕੋਟ ਅਤੇ ਗੁਰਤੇਜ ਸਿੰਘ ਖੋਸਾ ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਫ਼ਰੀਦਕੋਟ ਵੀ ਹਾਜ਼ਰ ਸਨ।

ਮਹਾਰਾਜਾ ਰਣਜੀਤ ਸਿੰਘ ਪ੍ਰੈਪਰੇਟਰੀ ਇੰਸਟੀਚਿਊਟ ਦੇ 11 ਕੈਡਿਟਾਂ ਦੀ ਐਨ.ਡੀ.ਏ. ਤੇ ਹੋਰ ਪ੍ਰਮੁੱਖ ਰਖਿਆ ਸਿਖਲਾਈ ਅਕੈਡਮੀਆਂ ਲਈ ਚੋਣ

ਹੁਣ ਤਕ 289 ਕੈਡਿਟ ਵੱਖ-ਵੱਖ ਰਖਿਆ ਸਿਖਲਾਈ ਅਕੈਡਮੀਆਂ 'ਚ ਹੋਏ ਸ਼ਾਮਲ : ਅਮਨ ਅਰੋੜਾ

ਚੰਡੀਗੜ੍ਹ, 27 ਜਨਵਰੀ (ਸਸਸ) : ਮਹਾਰਾਜਾ ਰਣਜੀਤ ਸਿੰਘ ਆਰਮਡ ਫੋਰਸਿਜ਼ ਪ੍ਰੈਪਰੇਟਰੀ ਇੰਸਟੀਚਿਊਟ, ਐਸਏਐਸ ਨਗਰ ਦੇ 11 ਕੈਡਿਟਾਂ ਨੇ ਪਿਛਲੇ ਇਕ ਮਹੀਨੇ ਦੌਰਾਨ ਵੱਕਾਰੀ ਨੈਸ਼ਨਲ ਡਿਫੈਂਸ ਅਕੈਡਮੀ (ਐਨਡੀਏ) ਅਤੇ ਹੋਰ ਪ੍ਰਮੁੱਖ ਰੱਖਿਆ ਸਿਖਲਾਈ ਅਕੈਡਮੀਆਂ ਵਿਚ ਦਾਖ਼ਲਾ ਪ੍ਰਾਪਤ ਕੀਤਾ ਹੈ। ਪੰਜਾਬ ਦੇ ਰੁਜ਼ਗਾਰ ਉਤਪਤੀ, ਹੁਨਰ ਵਿਕਾਸ ਅਤੇ ਸਿਖਲਾਈ ਮੰਤਰੀ ਅਮਨ ਅਰੋੜਾ ਨੇ ਕਿਹਾ ਕਿ ਇਹ ਪ੍ਰਾਪਤੀ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਹਥਿਆਰਬੰਦ ਸੈਨਾਵਾਂ ਵਿਚ ਭਰਤੀ ਹੋਣ ਲਈ ਨੌਜਵਾਨ ਪ੍ਰਤਿਭਾ ਨੂੰ ਨਿਖਾਰਨ ਪ੍ਰਤੀ ਵਚਨਬੱਧਤਾ ਨੂੰ ਉਜਾਗਰ ਕਰਦੀ ਹੈ। ਉਨ੍ਹਾਂ ਕਿਹਾ ਕਿ ਇਸ ਸੰਸਥਾ ਦੀ ਸ਼ੁਰੂਆਤ ਤੋਂ ਲੈ ਕੇ ਹੁਣ ਤਕ ਕੁੱਲ 289 ਕੈਡੇਟ ਵੱਖ-ਵੱਖ ਰੱਖਿਆ ਸਿਖਲਾਈ ਅਕੈਡਮੀਆਂ ਵਿਚ ਸ਼ਾਮਲ ਹੋਏ ਹਨ। ਕੈਡਿਟਾਂ ਨੂੰ ਸਿਖਲਾਈ ਅਕੈਡਮੀਆਂ ਵਿਚ ਚੋਣ 'ਤੇ ਵਧਾਈ ਦਿੰਦਿਆਂ, ਅਮਨ ਅਰੋੜਾ ਨੇ ਕੈਡਿਟਾਂ ਦੀ ਭਵਿੱਖ ਵਿਚ ਸਫ਼ਲਤਾ ਦੀ ਕਾਮਨਾ ਕੀਤੀ ਅਤੇ ਉਨ੍ਹਾਂ ਨੂੰ ਸਖ਼ਤ ਮਿਹਨਤ ਕਰਨ ਅਤੇ ਮਿਸਾਲੀ ਅਧਿਕਾਰੀ ਬਣਨ ਲਈ ਉਤਸ਼ਾਹਤ ਕੀਤਾ। ਅਰੋੜਾ ਨੇ ਕਿਹਾ ਕਿ ਅੱਠ ਕੈਡਿਟਾਂ ਦੀ ਐਨਡੀਏ ਦੇ 155ਵੇਂ ਕੋਰਸ ਲਈ ਚੋਣ ਹੋਈ ਹੈ, ਜਿਨ੍ਹਾਂ ਵਿਚ ਲੁਧਿਆਣਾ ਤੋਂ ਵਿਸ਼ਵਰੂਪ ਸਿੰਘ ਗਰੇਵਾਲ ਅਤੇ ਭਾਸਕਰ ਜੈਨ, ਪਟਿਆਲਾ ਤੋਂ ਅਪਾਰਦੀਪ ਸਿੰਘ ਸਾਹਨੀ, ਪਠਾਨਕੋਟ ਤੋਂ ਪਰਮਦੀਪ ਸਿੰਘ, ਬਠਿੰਡਾ ਤੋਂ ਰੇਹਾਨ ਯਾਦਵ, ਸੰਗਰੂਰ ਤੋਂ ਸੁਖਪ੍ਰੀਤ ਸਿੰਘ, ਜਲੰਧਰ ਤੋਂ ਪ੍ਰਿੰਸ ਕੁਮਾਰ ਦੂਬੇ ਅਤੇ ਸ਼ੌਰਿਆ ਵਰਧਨ ਸਿੰਘ ਸ਼ਾਮਲ ਹਨ। ਰੋਪੜ ਜ਼ਿਲ੍ਹੇ ਦੇ ਕੈਡਿਟ ਗੁਰਕੀਰਤ ਸਿੰਘ ਦੀ ਇੰਡੀਅਨ ਨੇਵਲ ਅਕੈਡਮੀ (ਆਈਐਨਏ) ਦੇ 117ਵੇਂ ਕੋਰਸ ਵਿਚ ਸਿਲੈਕਸ਼ਨ ਹੋਈ ਹੈ। ਇਸ ਤੋਂ ਇਲਾਵਾ, ਬਠਿੰਡਾ ਦੇ ਗੁਰਨੂਰ ਸਿੰਘ ਦੀ ਮਿਲਟਰੀ ਕਾਲਜ ਆਫ਼ ਇਲੈਕਟਰਾਨਿਕਸ ਐਂਡ ਮਕੈਨੀਕਲ ਇੰਜੀਨੀਅਰਿੰਗ (ਐਮਸੀਈਐਮਈ) ਸਿਕੰਦਰਾਬਾਦ ਵਿਖੇ ਕੈਡੇਟਸ ਟਰੇਨਿੰਗ ਵਿੰਗ (ਸੀਟੀਡਬਲਯੂ) ਵਿਚ ਚੋਣ ਹੋਈ ਹੈ, ਜਦੋਂ ਕਿ ਜਲੰਧਰ ਦਾ ਆਕਾਸ਼ ਸਿੰਘ ਕੁਸ਼ਵਾਹਾ ਤਕਨੀਕੀ ਐਂਟਰੀ ਸਕੀਮ (ਟੀਈਐਸ)-54 ਕੋਰਸ ਲਈ ਮਿਲਟਰੀ ਕਾਲਜ ਆਫ਼ ਟੈਲੀਕਮਿਊਨੀਕੇਸ਼ਨ ਇੰਜੀਨੀਅਰਿੰਗ (ਐਮਸੀਟੀਈ) ਮਹੂ ਵਿਖੇ ਸੀਟੀਡਬਲਯੂ ਵਿਚ ਸ਼ਾਮਲ ਹੋਇਆ। ਗੁਰਨੂਰ ਸਿੰਘ ਨੇ ਤਕਨੀਕੀ ਐਂਟਰੀ ਸਕੀਮ (ਟੀਈਐਸ)-54 ਕੋਰਸ ਲਈ ਦੇਸ਼ ਭਰ ਵਿਚੋਂ 15ਵਾਂ ਰੈਂਕ ਪ੍ਰਾਪਤ ਕੀਤਾ ਹੈ।

ਸਪੀਕਰ ਸੰਧਵਾਂ ਵਲੋਂ ਆਈ.ਐਸ. ਬਿੰਦਰਾ ਦੇ ਦੇਹਾਂਤ 'ਤੇ ਦੁੱਖ ਦਾ ਪ੍ਰਗਟਾਵਾ

ਚੰਡੀਗੜ੍ਹ, 27 ਜਨਵਰੀ (ਸਸਸ) : ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਪੰਜਾਬ ਕ੍ਰਿਕਟ ਐਸੋਸੀਏਸ਼ਨ (ਪੀ.ਸੀ.ਏ.) ਅਤੇ ਭਾਰਤੀ ਕ੍ਰਿਕਟ ਕੰਟਰੋਲ ਬੋਰਡ (ਬੀ.ਸੀ.ਸੀ.ਆਈ.) ਦੇ ਸਾਬਕਾ ਪ੍ਰਧਾਨ ਇੰਦਰਜੀਤ ਸਿੰਘ ਬਿੰਦਰਾ ਦੇ ਦੇਹਾਂਤ 'ਤੇ ਡੂੰਘਾ ਦੁੱਖ ਪ੍ਰਗਟ ਕੀਤਾ। ਉਨ੍ਹਾਂ ਅੱਗੇ ਕਿਹਾ ਕਿ ਕ੍ਰਿਕਟ ਖੇਡ ਲਈ ਉਨ੍ਹਾਂ ਦਾ ਯੋਗਦਾਨ ਆਉਣ ਵਾਲੀਆਂ ਪੀੜ੍ਹੀਆਂ ਨੂੰ ਹਮੇਸ਼ਾ ਪ੍ਰੇਰਿਤ ਕਰਦਾ ਰਹੇਗਾ। ਸਪੀਕਰ ਸੰਧਵਾਂ ਨੂੰ ਉਨ੍ਹਾਂ ਦੇ ਦੇਹਾਂਤ ਦੀ ਖ਼ਬਰ ਸੁਣ ਕੇ ਬਹੁਤ ਦੁੱਖ ਹੋਇਆ ਅਤੇ ਉਨ੍ਹਾਂ ਨੇ ਪ੍ਰਮਾਤਮਾ ਅੱਗੇ ਵਿਛੜੀ ਆਤਮਾ ਦੀ ਸ਼ਾਂਤੀ ਲਈ ਅਰਦਾਸ ਕੀਤੀ ਕਿ ਪਰਮਾਤਮਾ ਇਸ ਦੁੱਖ ਦੀ ਘੜੀ ਵਿਚ ਕਦੇ ਨਾ ਪੂਰਾ ਹੋਣ ਵਾਲੇ ਘਾਟੇ ਨੂੰ ਸਹਿਣ ਕਰਨ ਲਈ ਦੁਖੀ ਪਰਵਾਰ ਨੂੰ ਬਲ ਬਖ਼ਸ਼ੇ।

ਇਕ ਨਜ਼ਰ....

ਰਾਜਪਾਲ ਨੇ ਨਵਜੰਮੀਆਂ ਧੀਆਂ ਦਾ ਕੀਤਾ ਸਨਮਾਨ

ਫ਼ਾਜ਼ਿਲਕਾ, 27 ਜਨਵਰੀ (ਪੱਤਰ ਪ੍ਰੇਰਕ): ਫ਼ਾਜ਼ਿਲਕਾ ਵਿਚ ਇਕ ਗੰਭੀਰ, ਭਾਵੁਕ ਤੇ ਪ੍ਰੇਰਣਾਦਾਇਕ ਕੰਨਿਆ ਸਨਮਾਨ ਸਮਾਰੋਹ ਦਾ ਆਯੋਜਨ ਕੀਤਾ ਗਿਆ ਜਿਸ ਵਿਚ ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਅਪਣੀ ਧਰਮ ਪਤਨੀ ਸ੍ਰੀਮਤੀ ਅਨੀਤਾ ਕਟਾਰੀਆ ਸਮੇਤ ਸ਼ਿਰਕਤ ਕੀਤੀ। ਇਸ ਸਮਾਰੋਹ ਰਾਹੀਂ ਧੀਆਂ ਦੇ ਸਨਮਾਨ, ਸੁਰੱਖਿਆ ਤੇ ਸਸ਼ਕਤੀਕਰਨ ਦਾ ਮਜ਼ਬੂਤ ਸੰਦੇਸ਼ ਦਿਤਾ ਗਿਆ। ਇਹ ਆਯੋਜਨ ਸਰਹੱਦ ਸੋਸ਼ਲ ਵੈਲਫ਼ੇਅਰ ਸੋਸਾਇਟੀ ਅਤੇ ਕਰਨ ਗਿੱਲਹੋਤਰਾ ਫ਼ਾਊਂਡੇਸ਼ਨ ਵਲੋਂ ਸਾਂਝੇ ਤੌਰ 'ਤੇ ਅਬੋਹਰ ਰੋਡ ਸਥਿਤ ਸਿਟੀ ਗਾਰਡਨ ਪੈਲੇਸ ਵਿਚ ਕਰਵਾਇਆ ਗਿਆ। ਸਮਾਗਮ ਦੌਰਾਨ 251 ਨਵਜੰਮੀਆਂ ਧੀਆਂ ਤੇ ਉਨ੍ਹਾਂ ਦੇ ਪ੍ਰਵਾਰਾਂ ਨੂੰ ਸਨਮਾਨਤ ਕੀਤਾ ਗਿਆ। ਇਸ ਮੌਕੇ ਗਵਰਨਰ ਦੇ ਪ੍ਰਮੁੱਖ ਸਕੱਤਰ ਆਈ.ਐੱਸ. ਵਿਵੇਕ ਪ੍ਰਤਾਪ ਅਤੇ ਜ਼ਿਲ੍ਹੇ ਦੇ ਤਿੰਨੇ ਵਿਧਾਇਕ ਨਰਿੰਦਰਪਾਲ ਸਿੰਘ ਸਵਨਾ, ਜਗਦੀਪ ਕੰਬੋਜ ਗੋਲਡੀ ਤੇ ਅਮਨਦੀਪ ਸਿੰਘ ਗੋਲਡੀ ਮੁਸਾਫ਼ਰ ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ। ਰਾਜਪਾਲ ਗੁਲਾਬ ਚੰਦ ਕਟਾਰੀਆ ਨੇ ਕਿਹਾ ਕਿ ਧੀਆਂ ਸਮਾਜ ਦੀ ਨੀਂਹ ਹਨ ਤੇ ਜਦੋਂ ਅਸੀਂ ਧੀਆਂ ਦਾ ਸਨਮਾਨ ਕਰਦੇ ਹਾਂ ਤਾਂ ਪੂਰਾ ਸਮਾਜ ਮਜ਼ਬੂਤ ਹੁੰਦਾ ਹੈ। ਅਜਿਹੇ ਆਯੋਜਨਾਂ ਨਾਲ ਲੋਕਾਂ ਦੀ ਸੋਚ ਬਦਲਦੀ ਹੈ ਅਤੇ ਸਕਾਰਾਤਮਕ ਸਮਾਜਕ ਬਦਲਾਅ ਦੀ ਸ਼ੁਰੂਆਤ ਹੁੰਦੀ ਹੈ। ਇਸ ਦੌਰਾਨ ਵੱਖ-ਵੱਖ ਸਕੂਲਾਂ ਵਲੋਂ ਸਵਾਗਤੀ ਗੀਤ, ਲੋਹੜੀ ਗੀਤ ਅਤੇ ਗਿੱਧਾ ਪੇਸ਼ ਕਰ ਕੇ ਸਮਾਰੋਹ ਨੂੰ ਹੋਰ ਰੰਗੀਨ ਬਣਾਇਆ ਗਿਆ।

ਸ੍ਰੀ ਫ਼ਤਿਹਗੜ੍ਹ ਸਾਹਿਬ 'ਚ 12ਵੀਂ ਜਮਾਤ ਦੇ ਵਿਦਿਆਰਥੀ ਦਾ ਕਤਲ

ਸ੍ਰੀ ਫ਼ਤਿਹਗੜ੍ਹ ਸਾਹਿਬ, 27 ਜਨਵਰੀ (ਪਪ) : ਖਮਾਣੋਂ ਦੇ ਇਕ ਨਿਜੀ ਸਕੂਲ ਵਿਚ ਪੜ੍ਹਦੇ ਵਿਦਿਆਰਥੀਆਂ ਵਲੋਂ ਅਪਣੇ ਹੀ ਦੋਸਤ ਦਾ ਬੇਰਹਿਮੀ ਨਾਲ ਕਤਲ ਕਰ ਦਿਤਾ ਗਿਆ। ਮ੍ਰਿਤਕ ਦੀ ਪਛਾਣ ਮਾਨਵਿੰਦਰ ਸਿੰਘ ਉਰਫ਼ ਮਾਨ ਵਜੋਂ ਹੋਈ ਹੈ, ਜਿਸ ਦੀ ਉਮਰ 17 ਸਾਲ ਸੀ। ਮਾਨਵਿੰਦਰ ਸਿੰਘ 12ਵੀਂ ਦਾ ਮੈਡੀਕਲ ਦਾ ਵਿਦਿਆਰਥੀ ਸੀ। ਜਾਣਕਾਰੀ ਅਨੁਸਾਰ ਕਿਸੇ ਮਾਮੂਲੀ ਤਕਰਾਰ ਤੋਂ ਬਾਅਦ ਉਸ ਦੇ ਦੋਸਤਾਂ ਨੇ ਹੀ ਉਸ 'ਤੇ ਕਿਰਚ ਨਾਲ ਹਮਲਾ ਕਰ ਦਿਤਾ, ਜਿਸ ਕਾਰਨ ਮਾਨਵਿੰਦਰ ਸਿੰਘ ਦੀ ਮੌਕੇ 'ਤੇ ਹੀ ਮੌਤ ਹੋ ਗਈ। ਇਹ ਕਤਲ ਮਾਨਵਿੰਦਰ ਦੇ ਤਾਏ ਦੇ ਸਾਹਮਣੇ ਹੀ ਸਰੇ ਬਾਜ਼ਾਰ ਕੀਤਾ ਗਿਆ। ਮ੍ਰਿਤਕ ਮਾਪਿਆਂ ਦਾ ਇਕਲੌਤਾ ਪੁੱਤਰ ਸੀ।

ਉੱਤਰ ਰੇਲਵੇ

ਖੁਲੀ ਟੈਂਡਰ ਸੂਚਨਾ

ਸੀਨੀ. ਮੰਡਲ ਬਿਜਲੀ ਇੰਜੀਨੀਅਰ/ਕ.ਵਿ./ਉੱਤਰ ਰੇਲਵੇ, ਅੰਬਾਲਾ ਛਾਵਣੀ ਦੁਵਾਰਾ ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਹੇਠਾ ਲਿਖੇ ਕੰਮਾਂ ਦੇ ਲਈ ਈ-ਟੈਂਡਰਿੰਗ ਦੇ ਦੁਵਰਾ ਤੋਂ ਟੈਂਡਰਾਂ ਮੰਗ ਕਰਦੇ ਹਨ। ਇਨ੍ਹਾਂ ਟੈਂਡਰਾਂ ਨੂੰ ਹਰੇਕ ਕੰਮ ਦੇ ਅੱਗੇ ਦਸੀ ਗਈ ਮਿਤੀ ਨੂੰ 15:00 ਵਜੇ ਤਕ www.ireps.gov.in ਉਤੇ ਅਪਲੋਡ ਕੀਤਾ ਜਾਂ ਸਕਦਾ ਹੈ। ਇਨ੍ਹਾਂ ਦੇ 15:00 ਵਜੇ ਦੇ ਉਪਰਾਂਤ ਤੁਰੰਤ ਖੋਲਿਆ ਜਾਵੇਗਾ।

ਲ. ਨੰ:	ਟੈਂਡਰ ਨੰਬਰ	ਕੰਮ ਦਾ ਵੇਰਵਾ	ਟੈਂਡਰ ਬੰਦ/ਖੁਲਣ ਦੀ ਮਿਤੀ	ਲਗਭਗ ਲਾਗਤ	ਬਿਆਨਾ ਰਾਸ਼ੀ	ਕੰਮ ਪੂਰਾ ਕਰਨ ਦੀ ਸਮਾਂ	ਵੈਧਤਾ ਸਮਾਂ	ਟੈਂਡਰ ਫਾਰਮ ਦੀ ਕੀਮਤ
1	ETrU-T-12-2025-26	ਅੰਬਾਲਾ ਡਵੀਜਨ ਵਿਚ SCADA ਸਿਸਟਮ ਦੀ 3 ਸਾਲ ਦੇ ਸਮੇਂ ਦੇ ਲਈ ਸਲਾਨਾ ਮੇਂਟੇਨੇਂਸ ਕੰਨਟ੍ਰੇਕਟ (AMC) ਲਈ ਕੰਮ।	16.02.2026	₹ 2,16,11,957.76/-	₹ 2,58,100/-	36 ਮਹੀਨੇ	60 ਦਿਨ	downloading through IREPS portal-NIL (₹ 10,000/- Sr.DEE/TRD/ UMB ਆਫਿਸ ਤੋਂ ਹਾਰਡ ਕਾਪੀ ਦੇ ਲਈ)

1. ਟੈਂਡਰਕਾਰ ਨੂੰ ਸਾਰੇ ਜ਼ਰੂਰੀ ਦਸਤਾਵੇਜ ਅਤੇ PAN/GSTIN ਦੀ Scanned Copies IREPS ਪੋਰਟਲ ਉਤੇ ਅਪਲੋਡ ਕਰਨੀ ਹੈ।
2. ਟੈਂਡਰਕਾਰ ਦੇ ਕੋਲ ਈ-ਟੈਂਡਰ ਵਿਚ ਭਾਗ ਲੈਣ ਦੇ ਲਈ ਕਲਾਸ-III Digital Signature Certificate ਹੋਣੀ ਚਾਹੀਦੀ।
3. ਕੰਮ ਵਿਚ GST, BOCWW, Income Tax ਅਤੇ ਨਿਯਮਾਨੁਸਾਰ ਜ਼ਰੂਰੀ ਟੈਕਸ ਲਾਗੂ ਹੋਣਗੇ।
4. ਕੰਮ ਨੂੰ ਸਿਮੀਲਰ ਨੇਚਰ ਕੰਡੀਸ਼ਨਰ ਲਾਗੂ ਹੈ ਅਤੇ ਇਸ ਪ੍ਰਕਾਰ ਹੈ: "Railway Board/RDSO Guideline for eligibility criteria to be followed" OR "Interfacing of numerical relays to SCADA system through serial communication port based on IEC Protocol.
5. ਟੈਂਡਰ ਡਾਕਯੂਮੈਂਟ ਅਤੇ ਟੈਂਡਰ ਸੂਚਨਾ ਦੀ ਪੂਰੀ ਜਾਣਕਾਰੀ ਦੇ ਲਈ ਰੇਲਵੇ ਵੇਬਸਾਈਟ www.ireps.gov.in ਉਤੇ ਜਾਉ।

ਨੰਬਰ. ETrU-T-12-2025-26 ਮਿਤੀ : 24 01 2026 278/2026

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

ਉਤਰ ਰੇਲਵੇ

ਈ-ਨਿਵਿਦਾ ਸੂਚਨਾ

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ, ਸੀਨੀਅਰ ਮੰਡਲ ਵਾਣਿਜ ਪ੍ਰਬੰਧਕ, ਉਤਰ ਰੇਲਵੇ, ਅੰਬਾਲਾ ਛਾਉਣੀ ਦੁਆਰਾ ਵੈਬਸਾਈਟ www.ireps.gov.in ਦੇ ਮਾਧਿਅਮ ਨਾਲ 16.02.2026 ਨੂੰ ਦੁਪਹਿਰ 15:00 ਵਜੇ ਤਕ ਵਿਅਕਤੀਗਤ/ਸੰਸਥਾਵਾਂ / ਸਾਝੇਦਾਰੀ ਫਰਮਾਂ/ਕੰਪਨੀਆਂ/ਸਵੈ ਸਹਾਇਤਾ ਸਮੂਹਾਂ/ਸਹਕਾਰੀ ਸਮਿਤੀਆਂ ਆਦਿ ਅਤੇ ਜਨਰਲ ਕਲਾਸ ਤੋਂ ਅੰਬਾਲਾ ਮੰਡਲ ਵਿਚ ਪੰਜ ਸਾਲ ਦੇ ਸਮੇਂ ਦੇ ਲਈ ਖਾਨਪਾਨ ਸਟਾਲ ਜੀਐਮਯੂ (ਸਾਧਾਰਨ ਲਘੂ ਇਕਾਈ) ਦੇ ਸੰਚਾਲਨ ਲਈ ਈ-ਨਿਵਿਦਾ ਮੰਗ ਕਰਦਾ ਹੈ। ਨਿਵਿਦਾ ਦਾ ਵੇਰਵਾ ਹੇਠਾਂ ਲਿਖਤ ਹੈ:

ਲ. ਨੰ.	ਟੈਂਡਰ ਨੰਬਰ	ਸਟੇਸ਼ਨ ਦਾ ਨਾਮ	ਸਟੇਸ਼ਨ ਕੈਟੇਗਰੀ	ਸਟਾਲ ਨੰ.	ਸਥਾਨ	ਟੈਂਡਰ ਡਾਕੂਮੈਂਟਸ ਦਾ ਮੁਲ + @ 18% GST ਪ੍ਰਤੀ ਟੈਂਡਰ (ਰੁਪੈ ਵਿਚ)	ਪਹਿਲੇ ਸਾਲ ਦੇ ਲਈ ਰੀਜ਼ਰਵ ਮੁੱਲ (ਰੁਪੈ ਵਿਚ)	ਬਿਆਨਾ ਰਾਸ਼ੀ (ਰੁਪੈ ਵਿਚ)	ਰੀਜ਼ਰਵ ਵਰਗ
1	UMB-CTG-RPJ-GMU-01-26	ਰਾਜਪੁਰਾ	ਐਨਐਸਜੀ-4	RPJ-01	ਪਲੇਟਫਾਰਮ ਨੰ. 01	2,950	3,39,950/-	1,76,800/-	ਜਨਰਲ
2	UMB-CTG-RPJ-GMU-02-26	ਰਾਜਪੁਰਾ	ਐਨਐਸਜੀ-4	RPJ-03	ਪਲੇਟਫਾਰਮ ਨੰ. 2/3	2,950	3,39,950/-	1,76,800/-	ਜਨਰਲ

ਨੋਟ: ਈ-ਨਿਵਿਦਾ ਅਤੇ ਦਸਤਾਵੇਜ 16.02.2026 ਨੂੰ ਦੁਪਹਿਰ 15:00 ਵਜੇ ਤਕ www.ireps.gov.in ਉਤੇ ਉਪਲਬਧ ਰਹਿਣਗੇ। ਰੇਲਵੇ ਪ੍ਰਸ਼ਾਸਨ ਬਿਨਾ ਕੋਈ ਕਾਰਨ ਦਸੇ ਕਿਸੇ ਵੀ ਜਾਂ ਸਾਰੇ ਈ-ਨਿਵਿਦਾਵਾਂ ਨੂੰ ਰੱਦ/ਸੰਸ਼ੋਧਿਤ ਕਰਨ ਜਾਂ ਰੱਦ ਕਰਨ ਦਾ ਅਧਿਕਾਰ ਸੁਰੱਖਿਅਤ ਰਖਦਾ ਹੈ। ਨੰ.: NR-UMB0COML(CG)/4/2023 Dated: 27 January, 2026 285/2026

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

IARC RESOLUTION REDEFINED

ਇੰਟਰਨੈਸ਼ਨਲ ਐਸੇਟ ਰੀਕੰਸਟ ?ਰਕਸ਼ਨ ਕੰਪਨੀ ਪ੍ਰਾਈਵੇਟ ਲਿਮਟਿਡ

ਰਜਿਸਟਰਡ ਦਫ਼ਤਰ: 406, ਡੀਐਲਐਫ ਸਾਊਥ ਕੋਰਟ, ਸਾਕੇਤ, ਨਵੀਂ ਦਿੱਲੀ-110017; ਕਾਰਪੋਰੇਟ ਦਫ਼ਤਰ: ਏ-601,602,605, ਛੇਵੀਂ ਮੰਜ਼ਿਲ, 215 ਐਟ੍ਰੀਅਮ, ਕਨਕੀਆ ਸਪੇਸ, ਅੰਧੇਰੀ ਕੁਰਲਾ ਰੋਡ, ਅੰਧੇਰੀ (ਪੂਰਬ), ਮੁੰਬਈ 400093; ਸੀਆਈਐਨ ਨੰਬਰ: U74999012002PIC117525
E: iarc@arc.co.in, ਵੈੱਬਸਾਈਟ: www.iarc.co.in

ਈ-ਨਿਲਾਮੀ-ਕਮ-ਵਿਕਰੀ ਲਈ ਜਨਤਕ ਨੋਟਿਸ (ਅੰਤਿਕਾ-IV A) (ਨਿਯਮ 8(6))

ਸਿਕਿਓਰਿਟੀਜ਼ੇਸ਼ਨ ਐਂਡ ਰੀਕੰਸਟ੍ਰਕਸ਼ਨ ਆਫ ਫਾਈਨੈਂਸ਼ੀਅਲ ਅਸੇਟਸ ਐਂਡ ਇਨਫੋਰਸਮੈਂਟ ਆਫ ਸਿਕਿਓਰਿਟੀ ਇੰਟਰਸਟ ਐਕਟ, 2002 ਦੇ ਤਹਿਤ ਅਚੱਲ ਸੰਪਤੀ ਦੀ ਵਿਕਰੀ ਲਈ ਵਿਕਰੀ ਨੋਟਿਸ, ਸਿਕਿਓਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼, 2002 ਦੇ ਨਿਯਮ 8(6) ਦੇ ਪ੍ਰਾਵਧਾਨ ਦੇ ਨਾਲ ਪੜ੍ਹਿ ਆ ਜਾਂਦਾ ਹੈ

ਇੱਥੇ ਆਮ ਤੌਰ 'ਤੇ ਜਨਤਾ ਨੂੰ ਅਤੇ ਖਾਸ ਤੌਰ 'ਤੇ, ਹੇਠਾਂ ਜ਼ਿਕਰ ਕੀਤੇ ਕਰਜ਼ਦਾਰ(ਾਂ), ਗਰੰਟਰ(ਾਂ), ਅਤੇ ਗਿਰਵੀਕਾਰ(ਾਂ) ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਹੇਠਾਂ ਜ਼ਿਕਰ ਕੀਤੀ ਗਈ ਸੁਰੱਖਿਅਤ ਸੰਪਤੀ, ਇੰਟਰਨੈਸ਼ਨਲ ਐਸੇਟ ਰੀਕੰਸਟਰਕਸ਼ਨ ਕੰਪਨੀ ਪ੍ਰਾਈਵੇਟ ਲਿਮਟਿਡ ਨੂੰ ਗਿਰਵੀ ਰੱਖੀ ਗਈ ਹੈ, ਜੋ IARC-30/13-14 ਟਰੱਸਟ (ਇਸ ਤੋਂ ਬਾਅਦ "IARC" ਵਜੋਂ ਜਾਣੀ ਜਾਂਦੀ ਹੈ) ਦੇ ਟਰੱਸਟੀ ਵਜੋਂ ਆਪਣੀ ਸਮਰੱਥਾ ਵਿੱਚ ਕੰਮ ਕਰਦੀ ਹੈ, ਜਿਸਦਾ ਰਜਿਸਟਰਡ ਦਫ਼ਤਰ ਹੈ: 406,DLF ਸਾਊਥ ਕੋਰਟ, ਸਾਕੇਤ, ਨਵੀਂ ਦਿੱਲੀ-110017; ਕਾਰਪੋਰੇਟ ਦਫ਼ਤਰ A-601/602/605, 6ਵੀਂ ਮੰਜ਼ਿਲ, 215 ਐਟਰੀਅਮ, ਕਨਕੀਆ ਸਪੇਸ, ਅੰਧੇਰੀ-ਕੁਰਲਾ ਰੋਡ, ਅੰਧੇਰੀ (ਪੂਰਬ), ਮੁੰਬਈ - 400093, ਅਤੇ ਜਿਸਦਾ ਸੰਕੇਤਕ ਕਬਜ਼ਾ IARC ਦੇ ਅਧਿਕਾਰਤ ਅਧਿਕਾਰੀ (AO) ਦੁਆਰਾ ਲਿਆ ਗਿਆ ਸੀ, ਨੂੰ IARC ਦੇ ਬਕਾਏ ਦੀ ਪ੍ਰਾਪਤੀ ਲਈ "ਜਿਵੇਂ ਹੈ ਜਿੱਥੇ ਹੈ", "ਜਿਵੇਂ ਹੈ ਜੋ ਹੈ", ਅਤੇ "ਬਿਨਾਂ ਸਰੋਤ" ਦੇ ਆਧਾਰ 'ਤੇ ਵੇਚਿਆ ਜਾਵੇਗਾ। ਵਿਕਰੀ ਈ-ਨਿਲਾਮੀ ਪਲੇਟਫਾਰਮ ਰਾਹੀਂ ਹੇਠ ਹਸਤਾਖਰਿਤ ਦੁਆਰਾ ਕੀਤੀ ਜਾਵੇਗੀ, ਜਿਸਦੇ ਵੇਰਵੇ ਵੈੱਬਸਾਈਟ iarc.co.in 'ਤੇ ਉਪਲਬਧ ਹਨ।

ਕਰਜ਼ਦਾਰ(ਾਂ)/ਸਹਿ-ਕਰਜ਼ਾਦਾਰ(ਾਂ)/ਗਾਰੰਟਰ(ਾਂ)
ਡੀ. ਗ੍ਰੇਨਵਿਲ ਪ੍ਰਾਈਵੇਟ ਲਿਮਟਿਡ, ਸ੍ਰੀ ਜਗਦੀਪ ਸਿੰਘ, ਸ੍ਰੀ ਕਾਂਤੀ ਗੁਪਤਾ ਅਤੇ ਗ੍ਰੇਡੈਕਸ ਐਕਸਪੋਰਟਸ ਪ੍ਰਾਈਵੇਟ ਲਿਮਟਿਡ

ਡਿਮਾਂਡ ਨੋਟਿਸ ਮਿਤੀ ਅਤੇ ਰਕਮ: ਮਿਤੀ: 04 ਜਨਵਰੀ, 2016 ਅਤੇ ਰੁ. 12,22,05,031.13 (ਬਾਰਾਂ ਕਰੋੜ ਬਾਈ ਲੱਖ ਪੰਜ ਹਜ਼ਾਰ ਇਕੱਤੀ ਰੁ. ਅਤੇ ਤੇਰਾਂ ਪੈਸੇ ਸਿਰਫ਼) ਮਿਤੀ 30 ਨਵੰਬਰ, 2015 ਨੂੰ

ਅਚੱਲ ਜਾਇਦਾਦ/ਸੁਰੱਖਿਅਤ ਜਾਇਦਾਦ ਦਾ ਵੇਰਵਾ: ਗਿਰਵੀ ਰੱਖੀ ਜਾਇਦਾਦ ਦੀ ਵਿਕਰੀ ਦਾ ਨੋਟਿਸ ਜਾਇਦਾਦ ਦੇ ਸਾਰੇ ਹਿੱਸੇ ਅਤੇ ਪਾਰਸਲ ਹਨ: 187 ਏ/111-5, ਪੁਰਾਣਾ ਨੰਬਰ 368 ਤੋਂ 370/111 ਅਤੇ 187/ਏ, ਕਟੜਾ ਜਲਿਆਂਵਾਲਾ, ਨੇੜਲਾ ਬਾਜ਼ਾਰ ਬੀਕਾਨੇਰੀਅਨ, ਅੰਮ੍ਰਿਤਸਰ, ਪੰਜਾਬ- 143001, ਮਿਣਤੀ 223.88 ਵਰਗ ਗਜ਼, ਡੀ. ਗ੍ਰੇਨਵਿਲ ਪ੍ਰਾਈਵੇਟ ਲਿਮਟਿਡ ਦੀ ਮਲਕੀਅਤ, (ਇਸ ਤੋਂ ਬਾਅਦ ਸੁਰੱਖਿਅਤ ਜਾਇਦਾਦ ਵਜੋਂ ਜਾਣਿਆ ਜਾਂਦਾ ਹੈ)

ਸੰਕੇਤਕ ਕਬਜ਼ੇ ਦੀ ਮਿਤੀ	ਕੁੱਲ ਬਕਾਇਆ 15.12.2025 ਨੂੰ	ਰਾਖਵੀਂ ਕੀਮਤ	ਬਿਆਨਾ ਜਮਾਂ ਰਕਮ (ਈਐਮਡੀ)
28.06.2022	Rs. 27,21,54,354/- (ਮਿਤੀ 03.10.2025 ਨੂੰ ਡੈਬਿਟ ਰਿਕਵਰੀ ਟ੍ਰਿਬਿਊਨਲ-II, ਦਿੱਲੀ ਵੱਲੋਂ ਪਾਸ ਕੀਤੇ ਡਿਕ੍ਰੇਟਲ ਆਰਡਰ ਦੇ ਆਧਾਰ 'ਤੇ ਕੀਤੀ ਗਣਨਾ ਅਨੁਸਾਰ)	Rs. 1,27,00,000/- (Rupees One Crore Twenty Seven Lakhs only)	Rs. 12,70,000/-(Rupees Twelve Lakhs Seventy Thousand only)

ਬੋਲੀ ਵਾਧਾ ਰਕਮ
Rs. 1,00,000/- (Rupees One Lakh Only)

ਸਕਿਉਰਡ ਐਸਟ ਦੀ ਪੜਤਾਲ ਦੀ ਮਿਤੀ: ਸੋਮਵਾਰ, 16 ਫਰਵਰੀ, 2026, ਦੁਪਹਿਰ 2 ਵਜੇ ਤੋਂ 3 ਵਜੇ ਦੇ ਵਿਚਕਾਰ
ਈਐਮਡੀ ਜਮ੍ਹਾਂ ਕਰਨ ਦੀ ਆਖਰੀ ਮਿਤੀ: ਸ਼ੁੱਕਰਵਾਰ, 27 ਫਰਵਰੀ, 2026, ਸ਼ਾਮ 4 ਵਜੇ ਤੱਕ
ਈ-ਨਿਲਾਮੀ ਦੀ ਮਿਤੀ/ਸਮਾਂ: ਸੋਮਵਾਰ, 2 ਮਾਰਚ, 2026, ਸਵੇਰੇ 11 ਵਜੇ ਤੋਂ ਦੁਪਹਿਰ 12 ਵਜੇ ਤੱਕ

ਇੱਛੁਕ ਧਿਰਾਂ ਹੋਰ ਵੇਰਵਿਆਂ, ਸਪਸ਼ਟੀਕਰਨਾਂ, ਜਾਂ ਆਪਣੀ ਅਰਜ਼ੀ ਜਮ੍ਹਾਂ ਕਰਵਾਉਣ ਲਈ ਅਧਿਕਾਰਤ ਅਧਿਕਾਰੀ ਨਾਲ ਸੰਪਰਕ ਕਰ ਸਕਦੀਆਂ ਹਨ। ਵਿਕਰੀ ਦੇ ਵਿਸਤ੍ਰਿਤ ਨਿਯਮਾਂ ਅਤੇ ਸ਼ਰਤਾਂ ਲਈ, ਕਿਰਪਾ ਕਰਕੇ IARC ਦੀ ਵੈੱਬਸਾਈਟ www.iarc.co.in 'ਤੇ ਉਪਲਬਧ ਲਿੰਕ ਵੇਖੋ। ਦਿਲਚਸਪੀ ਰੱਖਣ ਵਾਲੀਆਂ ਧਿਰਾਂ ਕਿਸੇ ਵੀ ਸਹਾਇਤਾ ਲਈ ਸ੍ਰੀ ਵਰੁਣ ਗੁਪਤਾ ਨਾਲ 7770042174 'ਤੇ ਅਤੇ ਸ੍ਰੀ ਆਮੋਦ ਦਾਤਾਰ ਨਾਲ 9819864642 'ਤੇ ਵੀ ਸੰਪਰਕ ਕਰ ਸਕਦੀਆਂ ਹਨ।

ਸਥਾਨ: ਦਿੱਲੀ
ਮਿਤੀ: 28.01.2026
ਅਧਿਕਾਰਤ ਅਧਿਕਾਰੀ

RELIANCE Asset Reconstruction

ਰਿਲਾਇੰਸ ਐਸੇਟ ਰੀਕੰਸਟ੍ਰੱਕਸ਼ਨ ਕੰ. ਲਿਮ.

ਰਜਿਸਟਰਡ ਦਫ਼ਤਰ : 11ਵੀਂ ਮੰਜਿਲ, ਨਾਰਥ ਸਾਈਡ, ਆਰ.ਟੈਕ ਪਾਰਕ, ਵੈਸਟਰਨ ਐਕਸਪ੍ਰੈਸ ਹਾਈਵੇਅ, ਗੋਰੇਗਾਉਂ (ਵੈਸਟ) ਮੁੰਬਈ 400063

ਕਬਜ਼ਾ ਨੋਟਿਸ (ਅਚੱਲ ਜਾਇਦਾਦਾਂ ਲਈ)

ਸੂਚਿਤ ਕੀਤਾ ਜਾਂਦਾ ਹੈ ਕਿ ਸਕਿਉਰਟਾਈਜੇਸ਼ਨ ਐਂਡ ਰੀਕੰਸਟਰਕਸ਼ਨ ਆਫ਼ ਫ਼ਾਈਨੈਂਸ਼ੀਅਲ ਅਸੈਟਸ ਐਂਡ ਇਨਫ਼ੋਰਸਮੈਂਟ ਆਫ਼ ਸਕਿਉਰਿਟੀ ਇੰਟਰਸਟ ਐਕਟ 2002 (54 ਆਫ਼ 2002) ਅਤੇ ਸਕਿਉਰਿਟੀ ਇੰਟਰਸਟ (ਇਨਫ਼ੋਰਸਮੈਂਟ) ਰੂਲਜ਼ 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13(12) ਅਧੀਨ ਮਿਲੀਆਂ ਸ਼ਕਤੀਆਂ ਦੀ ਵਰਤੋਂ ਕਰਦਿਆਂ ਹੇਠ ਟੇਬਲ ਵਿਚ ਦਰਸਾਈਆਂ ਮਿਤੀਆਂ ਨੂੰ ਡਿਮਾਂਡ ਨੋਟਿਸ ਜਾਰੀ ਕਰਕੇ ਅਤੇ ਹੇਠ ਦਰਸਾਇਆਂ ਨੂੰ ਰਕਮ ਉਕਤ ਨੋਟਿਸ ਪ੍ਰਾਪਤ ਹੋਣ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ-ਅੰਦਰ ਅਦਾ ਕਰਨ ਲਈ ਕਿਹਾ ਗਿਆ।
ਇੰਡੀਅਨ ਓਵਰਸੀਜ਼ ਬੈਂਕ ਦੇ 22.03.2017 ਨੂੰ ਹਸਤਾਖਰ ਕੀਤੇ ਸਮਝੌਤੇ ਤਹਿਤ ਹੇਠ ਲਿਖੇ ਕਰਜ਼ਦਾਰਾਂ ਦੇ ਵਿੱਤੀ ਐਸਟਸ, ਇਸਦੇ ਸਾਰੇ ਅਧਿਕਾਰ, ਸਿਰਲੇਖ ਅਤੇ ਹਿੱਤਾਂ ਦੇ ਨਾਲ-ਨਾਲ ਸਾਰੇ ਹੇਠ ਦਿੱਤੇ ਸਕਿਓਰਿਟੀ ਹਿਤ RARC 030 ਟਰੱਸਟ ਦੇ ਰਿਲਾਇੰਸ ਐਸੇਟ ਰੀਕੰਸਟ੍ਰਕਸ਼ਨ ਕੰਪਨੀ ਲਿਮਟਿਡ ਟਰੱਸਟੀ ਦੇ ਹੱਕ ਵਿੱਚ ਸੌਂਪ ਦਿੱਤਾ।
ਕਰਜ਼ਦਾਰ ਅਤੇ ਗਰੰਟਰ ਰਕਮ ਅਦਾ ਕਰਨ ਵਿਚ ਨਾਕਾਮ ਰਹੇ। ਇਸ ਕਾਰਨ ਇਸ ਨੋਟਿਸ ਰਾਹੀਂ ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਅਤੇ ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਉਕਤ ਰੂਲਜ਼ ਦੇ ਰੂਲ 8 ਨਾਲ ਪੜ੍ਹੇ ਜਾਂਦੇ ਉਕਤ ਐਕਟ ਦੇ ਸੈਕਸ਼ਨ 13(4) ਅਧੀਨ ਮਿਲੀਆਂ ਸ਼ਕਤੀਆਂ ਦੀ ਵਰਤੋਂ ਕਰਦਿਆਂ ਹੇਠ ਟੇਬਲ ਵਿਚ ਦਰਸਾਈਆਂ ਮਿਤੀਆਂ ਨੂੰ ਹੇਠ ਦਰਸਾਈਆਂ ਜਾਇਦਾਦਾਂ ਦਾ ਕਬਜ਼ਾ ਲੈ ਲਿਆ ਹੈ।
ਖ਼ਾਸ ਤੌਰ 'ਤੇ ਕਰਜ਼ਦਾਰ ਅਤੇ ਗਰੰਟਰਾਂ ਨੂੰ ਅਤੇ ਆਮ ਜਨਤਾ ਨੂੰ ਜਾਇਦਾਦਾਂ ਸਬੰਧੀ ਕਿਸੇ ਤਰ੍ਹਾਂ ਦਾ ਸੌਦਾ ਕਰਨ ਤੋਂ ਖ਼ਬਰਦਾਰ ਕੀਤਾ ਜਾਂਦਾ ਹੈ ਅਤੇ ਜਾਇਦਾਦਾਂ ਸਬੰਧੀ ਕਿਸੇ ਤਰ੍ਹਾਂ ਦਾ ਸੌਦਾ ਕਰਨ ਦਾ ਰਿਲਾਇੰਸ ਐਸਟਸ ਰੀਕੰਸਟਰੱਕਸ਼ਨ ਕੰਪਨੀ ਲਿਮਟਿਡ ਨੂੰ ਰਕਮ ਅਤੇ ਇਸ 'ਤੇ ਵਿਆਜ ਦੀ ਅਦਾਇਗੀ ਦਾ ਵਿਸ਼ਾ ਹੈ।
ਕਰਜ਼ਦਾਰਾਂ ਦੇ ਧਿਆਨ ਵਿਚ ਲਿਆਂਦਾ ਜਾਂਦਾ ਹੈ ਕਿ ਉਨ੍ਹਾਂ ਕੋਲ ਸਰਫਾਇਸੀ ਐਕਟ ਦੇ ਸੈਕਸ਼ਨ 13 (8) ਦੀਆਂ ਤਜਵੀਜ਼ਾਂ ਅਧੀਨ ਸਕਿਓਰਡ ਐਸਟਸ ਛੁਡਾਉਣ ਲਈ ਸਮਾਂ ਉਪਲਬਧ ਹੈ।

ਲੜੀ ਨੰ.	ਕਰਜ਼ਦਾਰਜ਼/ਗਰੰਟਰਜ਼	ਗਿਰਵੀ ਜਾਇਦਾਦ ਦਾ ਵੇਰਵਾ	ਡਿਮਾਂਡ ਨੋਟਿਸ ਦੀ ਮਿਤੀ / ਕਬਜ਼ੇ ਦੀ ਮਿਤੀ	ਟਰੱਸਟੀ ਵਜੋਂ ਕੰਮ ਕਰਦਿਆਂ / ਐਂਗਰੀਮੈਂਟ ਦੀ ਮਿਤੀ	ਬਕਾਇਆ ਰਕਮ
1.	ਮੇਸ. ਜੀ ਸਿੰਘ ਟੂਰ ਐਂਡ ਟਰੈਵਲ (ਕਰਜ਼ਦਾਰ) 2. ਸ੍ਰੀ ਨਿਰਪਿੰਦਰ ਸਿੰਘ ਪੁੱਤਰ ਫਕੀਰ ਸਿੰਘ (ਕਰਜ਼ਦਾਰ), 3. ਸ੍ਰੀ ਵਿਸ਼ਾਲ ਸਿੰਘ (ਗਰੰਟਰ ਅਤੇ ਗਿਰਵੀਕਾਰ) ਸ੍ਰੀ ਗੁਰਮੀਤ ਸਿੰਘ ਪੁੱਤਰ ਸ੍ਰੀ ਰੋਸ਼ਨ ਸਿੰਘ- ਗਿਰਵੀਕਾਰ	ਮਕਾਨ ਨੰ. 315, ਮਿਣਤੀ 5 ਮਰਲਾ ਵਸੀਕਾ ਨੰ. 888 ਤਹਿਤ ਮਿਤੀ 20.10.2010 ਨੂੰ ਜਿਸ ਦਾ ਵਸੀਕਾ ਨੰ 1371, ਖਤੌਨੀ ਨੰ 109, ਖੇਵਟ ਨੰ. 383 ਸਥਿਤ ਹੈ ਮੁਹੱਲਾ ਗੁਰੂ ਨਾਨਕ ਪੁਰਾ, ਗੋਰਾਇਆ ਤਹਿਸੀਲ ਫਿਲੌਰ ਜ਼ਿਲ੍ਹਾ ਜਲੰਧਰ ਵਿਖੇ ਸ੍ਰੀ ਗੁਰਮੀਤ ਸਿੰਘ ਅਤੇ ਵਿਸ਼ਾਲ ਸਿੰਘ ਪੁੱਤਰ ਸਵ. ਸ੍ਰੀ ਰੋਸ਼ਨ ਸਿੰਘ ਦੇ ਨਾਂ 'ਤੇ, ਹੱਦਾਂ ਇਸ ਤਰ੍ਹਾਂ :ਪੂਰਬ : ਗਲੀ, ਪੱਛਮ ; ਸ੍ਰੀ ਮੁਸਤਾਕ ਮਸੀਹ ਦੀ ਜਾਇਦਾਦ, ਉਤਰ ; ਸ੍ਰੀ ਗੋਬਿਨ ਮਸੀਹ ਦੀ ਜਾਇਦਾਦ (ਮਕਾਨ ਨੰ. 316), ਦੱਖਣ : ਸ੍ਰੀ ਜੋਸ਼ ਮਸੀਹ ਦੀ ਜਾਇਦਾਦ (ਮਕਾਨ ਨੰ. 314)	02.01.2025 / 21.01.2026	INB RARC 030 Trust / 22.03.2017	ਰੁ. 33,71,233.27/- (ਤੇਤੀ ਲੱਖ ਇਕੱਹਤਰ ਹਜ਼ਾਰ ਦੋ ਸੌ ਤੇਤੀ ਰੁ. ਸਤਾਈ ਪੈਸੇ ਸਿਰਫ਼) 31.12.2024 ਨੂੰ ਸਮੇਤ ਇਸ 'ਤੇ ਵਿਆਜ ਅਤੇ 31.12.2024 ਨੂੰ ਵਸੂਲੀ ਦੀ ਮਿਤੀ ਤੱਕ

ਸਥਾਨ : ਫਿਲੌਰ, ਜਲੰਧਰ
ਮਿਤੀ : 21.01.2026
ਸਹੀ/- (ਅਧਿਕਾਰਤ ਅਫ਼ਸਰ) ਰਿਲਾਇੰਸ ਐਸਟਸ ਰੀਕੰਸਟਰੱਕਸ਼ਨ ਕੰਪਨੀ ਲਿਮਟਿਡ

HDFC BANK **ਐਚਡੀਐਫਸੀ ਬੈਂਕ ਲਿਮਟਿਡ**

ਬ੍ਰਾਂਚ : ਐਸ.ਸੀ.ਓ. 153-155, ਸੈਕਟਰ-8ਸੀ, ਮਧਿਆ ਮਾਰਗ, ਚੰਡੀਗੜ੍ਹ-160008, ਟੈਲੀ : 0172-6761086, CIN L65920MH1994PLC080618, ਵੈਬਸਾਈਟ : www.hdfcbank.com

ਕਬਜਾ ਨੋਟਿਸ

ਜਦਕਿ ਐਚਡੀਐਫਸੀ ਬੈਂਕ ਲਿਮਟਡ (ਪਹਿਲਾਂ ਐਚਡੀਐਫਸੀ ਲਿਮਟਡ ਹੁਣ ਮਾਨਯੋਗ ਐਨਸੀਐਲਟੀ-ਮੁੰਬਈ ਦੇ 17 ਮਾਰਚ 2023 (ਐਚਡੀਐਫਸੀ) ਦੇ ਹੁਕਮ ਤਹਿਤ ਮਨਜ਼ੂਰ ਰਲੇਵਾਂ ਸਕੀਮ ਦੀ ਵਿਸ਼ੇਸ਼ਤਾ ਨਾਲ ਐਚਡੀਐਫਸੀ ਬੈਂਕ ਲਿਮਟਿਡ ਨਾਲ ਰਲੇਵਾਂ) (ਐਚਡੀਐਫਸੀ) ਦੇ ਅਧਿਕਾਰਤ ਅਫ਼ਸਰ ਨੇ ਸਕਿਉਰਟਾਈਜ਼ੇਸ਼ਨ ਐਂਡ ਰੀਕੰਸਟਰੱਕਸ਼ਨ ਆਫ਼ ਫ਼ਾਈਨਾਂਸ਼ੀਅਲ ਐਸੇਟਸ ਐਂਡ ਇਨਫ਼ੋਰਸਮੈਂਟ ਆਫ਼ ਸਕਿਉਰਿਟੀ ਇੰਟਰੈਸਟ ਐਕਟ, 2002 ('ਉਕਤ ਐਕਟ') ਅਤੇ ਸਕਿਉਰਿਟੀ ਇੰਟਰੱਸਟ (ਇੰਫ਼ੋਰਸਮੈਂਟ) ਰੂਲਜ਼, 2002 ਨਾਲ ਪੜ੍ਹੇ ਜਾਂਦੇ ਰੂਲ 3 ਦੇ ਨਾਲ ਪੜ੍ਹੇ ਜਾਂਦੇ ਸੈਕਸ਼ਨ 13(12) ਅਧੀਨ ਮਿਲੀਆਂ ਸ਼ਕਤੀਆਂ ਦੀ ਵਰਤੋਂ ਕਰਦਿਆਂ ਉਕਤ ਐਕਟ ਦੇ ਸੈਕਸ਼ਨ 13(2) ਅਧੀਨ ਡਿਮਾਂਡ ਨੋਟਿਸ ਜਾਰੀ ਕਰਕੇ ਹੇਠਾਂ ਲਿਖੇ ਕਰਜ਼ਦਾਰ(ਾਂ)/ਕਾਨੂੰਨੀ ਵਾਰਸ(ਾਂ) ਅਤੇ ਕਾਨੂੰਨੀ ਪ੍ਰਤੀਨਿਧ(ਾਂ) ਨੂੰ ਉਨ੍ਹਾਂ ਦੇ ਨਾਮ ਅੱਗੇ ਲਿਖੀ ਰਕਮ ਸਮੇਤ ਇਸ ਤੇ ਵਿਆਜ ਲਾਗੂ ਦਰ ਨਾਲ ਉਕਤ ਨੋਟਿਸ ਵਿਚ ਦਰਸਾਏ ਅਨੁਸਾਰ ਸਬੰਧਤ ਨੋਟਿਸਾਂ ਦੇ 60 ਦਿਨਾਂ ਦੇ ਅੰਦਰ ਮਿਤੀ ਜਾਂ ਪ੍ਰਾਪਤੀ ਦੀ ਮਿਤੀ ਤਕ ਦੱਸੇ ਗਏ ਨੋਟਿਸਾਂ, ਆਕਸਮਿਕ ਖ਼ਰਚਿਆਂ, ਲਾਗਤਾਂ, ਚਾਰਜਾਂ ਆਦਿ ਨਾਲ ਅਦਾ ਕਰਨ ਲਈ ਕਿਹਾ ਗਿਆ ਸੀ।

ਲੜੀ ਨੰ:	ਕਰਜ਼ਦਾਰ(ਾਂ) ਦਾ ਨਾਮ	ਬਕਾਇਆ ਰਕਮ	ਡਿਮਾਂਡ ਨੋਟਿਸ ਦੀ ਮਿਤੀ	ਕਬਜ਼ੇ ਦੀ ਮਿਤੀ	ਸਕਿਓਰਡ ਐਸੇਟ(ਸ)/ ਅਚੱਲ ਜਾਇਦਾਦ(ਾਂ) ਦੇ ਵੇਰਵੇ
1.	ਸ੍ਰੀ ਸ਼ੇਖ ਵਿਲਾਇਤ ਹਸਨ	Rs.37,25,684/- dues as on 31-JAN-2025*	26-FEB-2025	22-01-2026 (Symbolic Possession)	ਰਿਹਾਇਸ਼ੀ ਫਲੈਟ-721, ਦੂਜੀ ਮੰਜ਼ਿਲ, ਪਲਾਟ ਨੰ. 721, ਓਮੇਗਾ ਇੰਪਾਇਰ ਨੈਕਸਟ ਟੂ ਓਮੇਗਾ ਸਿਟੀ, ਪਿੰਡ ਖਾਨਪੁਰ, ਲੁਧਿਆਣਾ, ਚੰਡੀਗੜ੍ਹ ਹਾਈਵੇਅਸ ਨਗਰ, ਮੋਹਾਲੀ, ਪੰਜਾਬ ਸਮੇਤ ਜ਼ਮੀਨ ਅੰਡਰਨੀਥ ਦੇ ਅਣਵੰਡੇ ਅਨੁਪਾਤੀ ਹਿੱਸੇ ਨਾਲ।

* ਸਮੇਤ ਹੋਰ ਵਿਆਜ ਜਿਵੇਂ ਲਾਗੂ ਹੋਵੇ, ਕੀਤੇ ਆਕਸਮਿਕ ਖ਼ਰਚੇ, ਲਾਗਤਾਂ, ਚਾਰਜ ਆਦਿ ਸਮੇਤ ਅਦਾਇਗੀ ਅਤੇ/ਜਾਂ ਪ੍ਰਾਪਤੀ ਦੀ ਮਿਤੀ ਤੱਕ।
ਹਾਲਾਂਕਿ, ਕਿਉਂਕਿ ਇੱਥੇ ਉਪਰ ਦੱਸੇ ਕਰਜ਼ਦਾਰ(ਾਂ) ਬਕਾਇਆ ਅਦਾ ਕਰਨ ਵਿਚ ਨਾਕਾਮ ਰਹੇ ਹਨ ਇੱਥੇ ਦੱਸੇ ਕਰਜ਼ਦਾਰ(ਾਂ) ਨੂੰ ਵਿਸ਼ੇਸ਼ ਤੌਰ 'ਤੇ ਅਤੇ ਆਮ ਜਨਤਾ ਨੂੰ ਆਮ ਤੌਰ 'ਤੇ ਸੂਚਿਤ ਕੀਤਾ ਜਾਂਦਾ ਹੈ ਕਿ ਐਚਡੀਐਫਸੀ ਦੇ ਅਧਿਕਾਰਤ ਅਫ਼ਸਰ ਨੇ ਉਪਰ ਮਿਤੀਆਂ ਨੂੰ ਉਕਤ ਰੂਲਜ਼ ਦੇ ਰੂਲ 8 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13(4) ਅਧੀਨ ਮਿਲੀਆਂ ਸ਼ਕਤੀਆਂ ਦੀ ਵਰਤੋਂ ਕਰਦਿਆਂ ਉਪਰ ਲੜੀ ਨੰ. 1 ਵਿਚ ਦਰਸਾਈ ਅਚੱਲ ਜਾਇਦਾਦ/ਸੁਰੱਖਿਅਤ ਐਸੇਟ ਦਾ ਸੰਕੇਤਕ ਕਬਜ਼ਾ ਲੈ ਲਿਆ ਹੈ।
ਉਪਰੋਕਤ ਦੱਸੇ ਗਏ ਕਰਜ਼ਦਾਰ(ਾਂ) ਨੂੰ ਵਿਸ਼ੇਸ਼ ਤੌਰ 'ਤੇ ਅਤੇ ਆਮ ਜਨਤਾ ਨੂੰ ਆਮ ਤੌਰ 'ਤੇ ਚੌਕਸ ਕੀਤਾ ਜਾਂਦਾ ਹੈ ਕਿ ਉਹ ਉੱਪਰ ਲਿਖੀ ਅਚੱਲ ਜਾਇਦਾਦ(ਾਂ)/ਸਕਿਉਰਡ ਅਸਾਸੇ(ਸਿਆਂ) ਨਾਲ ਕੋਈ ਲੈਣ-ਦੇਣ ਨਾ ਕਰਨ ਅਤੇ ਉੱਪਰ ਲਿਖੀਆਂ ਅਚੱਲ ਜਾਇਦਾਦ(ਾਂ)ਸਕਿਉਰਡ ਅਸਾਸੇ(ਸਿਆਂ) ਨਾਲ ਕੋਈ ਲੈਣ-ਦੇਣ ਕਰਨ ਵਾਲਾ ਐਚਡੀਐਫਸੀ ਬੈਂਕ ਲਿਮ. ਕੋਲ ਗਿਰਵੀ ਦਾ ਵਿਸ਼ਾ ਹੋਵੇਗਾ।
ਕਰਜ਼ਦਾਰ(ਾਂ) ਦੇ ਧਿਆਨ ਵਿਚ ਲਿਆਂਦਾ ਜਾਂਦਾ ਹੈ ਕਿ ਉਨ੍ਹਾਂ ਕੋਲ ਐਕਟ ਦੇ ਸੈਕਸ਼ਨ 13 ਦੇ ਸਬ ਸੈਕਸ਼ਨ (8) ਦੀਆਂ ਤਜਵੀਜ਼ਾਂ ਅਧੀਨ ਸਕਿਓਰਡ ਐਸਟਸ ਛੁਡਾਉਣ ਲਈ ਸਮਾਂ ਉਪਲਬਧ ਹੈ।
ਪੰਚਨਾਮੇ ਦੀਆਂ ਕਾਪੀਆਂ ਨਿਮਨ ਹਸਤਾਖਰੀ ਕੋਲ ਉਪਲਬਧ ਹੈ ਅਤੇ ਉਕਤ ਕਰਜ਼ਦਾਰ(ਾਂ) ਨੂੰ ਬੇਨਤੀ ਹੈ ਕਿ ਉਹ ਸਬੰਧਤ ਕਾਪੀ ਨਿਮਨ ਹਸਤਾਖਰੀ ਤੋਂ ਕਿਸੇ ਵੀ ਕੰਮ ਵਾਲੇ ਦਿਨ ਦਫਤਰੀ ਸਮੇਂ ਦੌਰਾਨ ਪ੍ਰਾਪਤ ਕਰ ਸਕਦੇ ਹਨ।

ਸਥਾਨ : ਚੰਡੀਗੜ੍ਹ
ਮਿਤੀ : 28.01.2026
ਲਈ ਐਚਡੀਐਫਸੀ ਬੈਂਕ ਲਿਮ. ਸਹੀ/- ਅਧਿਕਾਰਤ ਅਫ਼ਸਰ

ਰਜਿ. ਦਫ਼ਤਰ : ਐਚਡੀਐਫਸੀ ਬੈਂਕ ਹਾਊਸ, ਸੇਨਾਪਤੀ ਬਾਪਤ ਮਾਰਗ, ਲੋਅਰ ਪਾਰੇਲ (ਵੈਸਟ), ਮੁੰਬਈ 400013

pnb Housing Finance Limited Ghar Ki Baat

ਅਪੈਂਡਿਕਸ IV-A-ਅਚੱਲ ਜਾਇਦਾਦ (ਦਾਂ) ਦੀ ਈ ਨਿਲਾਮੀ ਵਿਕਰੀ ਸੂਚਨਾ

ਸਕਿਉਰਟਾਈਜ਼ੇਸ਼ਨ ਐਂਡ ਰੀਕੰਸਟ੍ਰਕਸ਼ਨ ਆਫ਼ ਫ਼ਾਈਨਾਂਸ਼ੀਅਲ ਅਸੈੱਟਸ ਐਂਡ ਇਨਫ਼ਾਰਸਮੈਂਟ ਆਫ਼ ਸਕਿਉਰਿਟੀ ਇੰਟਰੈਸਟ ਐਕਟ, 2002 ਅਤੇ ਸਕਿਉਰਿਟੀ ਇਟਰਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8(6) ਤਹਿਤ ਅਚੱਲ ਜਇਦਾਦਾਂ ਦੀ ਵਿਕਰੀ ਲਈ ਈ-ਨੀਲਾਮੀ ਵਿਕਰੀ ਸੂਚਨਾ

ਰਜਿ: ਦਫਤਰ: ਨੌਵੀਂ ਮੰਜਿਲ, ਅੰਤਰਿਕਸ਼ ਭਵਨ, 22 ਕਸਤੂਰਬਾ ਗਾਂਧੀ ਮਾਰਗ, ਨਵੀਂ ਦਿੱਲੀ 110001, ਫੋਨ : 011-23357171, 23357172, 23705414, ਵੈਬ : www.pnbhousing.com

ਬਰਾਂਚ ਦਫਤਰ : BXIX 262/1, ਬੇਦੀ ਇਲੈਕਟ੍ਰੋਨਿਕਸ, ਪਹਿਲੀ ਮੰਜ਼ਿਲ, ਡਾ. ਸ਼ਾਮ ਸਿੰਘ ਰੋਡ, ਫਿਰੋਜ਼ਪੁਰ ਰੋਡ, ਸਾਹਮਣੇ ਫਿਰੋਜ਼ ਗਾਂਧੀ ਮਾਰਕੀਟ, ਲੁਧਿਆਣਾ-141001, ਬਰਾਂਚ ਦਫਤਰ : ਐਸਸੀਓ 44, ਪਹਿਲੀ ਮੰਜ਼ਿਲ ਪੁੱਡਾ ਕੰਪਲੈਕਸ, ਜਲੰਧਰ-144001

ਆਮ ਜਨਤਾ ਅਤੇ ਖਾਸ ਤੌਰ 'ਤੇ ਕਾਲਮ 'ਏ' ਵਿਚ ਦਰਸਾਏ ਕਰਜ਼ਦਾਰਾਂ, ਗਿਰਵੀਕਾਰਾਂ ਅਤੇ ਗਰੰਟਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਕਾਲਮ 'ਡੀ' ਵਿਚ ਦਰਸਾਈਆਂ ਗਈਆਂ ਸਕਿਉਰਡ ਕ੍ਰੈਡੀਟਰ ਕੋਲ ਗਿਰਵੀ/ਚਾਰਜਡ ਅਚੱਲ ਜਾਇਦਾਦਾਂ ਦਾ ਮੈਸ: ਪੀਐਨਬੀ ਹਾਊਸਿੰਗ ਫਾਇਨਾਂਸ ਲਿਮਟਿਡ/ਸਕਿਉਰਡ ਕ੍ਰੈਡੀਟਰ ਦੇ ਅਧਿਕਾਰਤ ਅਫ਼ਸਰ ਨੇ ਸਕਿਉਰਡ ਕ੍ਰੈਡੀਟਰ ਕੋਲ ਗਿਰਵੀ/ਰਹਿਣ/ਚਾਰਜ਼ਡ ਜਾਇਦਾਦਾਂ ਦਾ (ਕਾਲਮ ਸੀ ਵਿਚ ਦਿੱਤੇ ਅਨੁਸਾਰ) ਉਸਾਰੂ/ਭੌਤਿਕ ਕਬਜ਼ਾ ਲੈ ਲਿਆ ਹੈ ਅਤੇ ਇਨ੍ਹਾਂ ਨੂੰ ਹੇਠਾਂ ਦਿੱਤੇ ਵੇਰਵੇ ਅਨੁਸਾਰ 'ਜਿਵੇਂ ਹੈ, ਜੋ ਹੈ ਜਿਥੇ ਹੈ' ਅਧਾਰ 'ਤੇ ਵੇਚਿਆ ਜਾਵੇਗਾ। ਕਰਜ਼ਦਾਰਾਂ/ਗਿਰਵੀਕਾਰਾਂ/ਕਾਨੂੰਨੀ ਵਾਰਸਾਂ, ਕਾਨੂੰਨੀ ਪ੍ਰਤੀਨਿਧੀਆਂ (ਭਾਵੇਂ ਜਾਣੇ ਜਾਂ ਅਣਜਾਣੇ) ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸਕਿਉਰਿਟੀ ਇੰਟਰਸਟ ਇਨਫੋਰਸਮੈਂਟ ਰੂਲਜ਼ 2002 ਦੇ ਰੂਲ 8(6) ਅਤੇ 9 ਤਹਿਤ ਕਾਲਮ ਨੰ 'ਏ' ਵਿਚ ਦਿੱਤੇ ਗਏ ਕਰਜ਼ਦਾਰਾਂ/ਗਿਰਵੀਕਾਰਾਂ (ਮੌਤ ਤੋਂ ਬਾਅਦ) ਉਨ੍ਹਾਂ ਦੇ ਐਗਜ਼ੀਕਿਊਟਰਜ਼, ਪ੍ਰਸ਼ਾਸਕ, ਲਾਭਪਾਤਰੀ, ਅਸਾਇਨੀ ਸੰਧੇ ਗਏ ਹਨ।
ਵਿਕਰੀ ਦੇ ਨਿਯਮ ਅਤੇ ਸ਼ਰਤਾਂ ਲਈ ਕਿਰਪਾ ਕਰਕੇ ਮੈਸ: ਪੀਐਨਬੀ ਹਾਊਸਿੰਗ ਫਾਇਨਾਂਸ ਲਿਮਟਿਡ/ਸਕਿਉਰਡ ਕ੍ਰੈਡੀਟਰ ਦੀ ਵੈਬਸਾਈਟ ਭਾਵ www.pnbhousing.com ਦਾ ਹਵਾਲਾ ਲਓ।

ਲੋਨ ਨੰ, ਕਰਜ਼ਦਾਰ/ਸਹਿ ਕਰਜ਼ਦਾਰ/ ਗਰੰਟਰ/ ਕਾਨੂੰਨੀ ਵਾਰਸ ਦਾ ਨਾਮ	ਮੰਗੀ ਗਈ ਰਕਮ ਅਤੇ ਮਿਤੀ	ਕਬਜ਼ੇ ਦੀ ਕਿਸਮ	ਗਿਰਵੀ ਜਾਇਦਾਦਾਂ ਦਾ ਵੇਰਵਾ	ਰਾਖਵੀਂ ਕੀਮਤ (ਆਰ.ਪੀ.)(E)	ਈਐਮਡੀ (ਰਾਖਵੀਂ ਕੀਮਤ ਦਾ 10%)(F)	ਬੋਲੀ ਜਮਾਂ ਕਰਾਉਣ ਦੀ ਆਖਰੀ ਮਿਤੀ(G)	ਬੋਲੀ ਵਾਧਾ ਦਰ (H)	ਪੜਤਾਲ ਦੀ ਮਿਤੀ ਤੇ ਸਮਾਂ (I)	ਨਿਲਾਮੀ ਦੀ ਮਿਤੀ ਅਤੇ ਸਮਾਂ(J)	ਕੋਈ ਝੰਜਟ/ ਕੋਰਟ ਕਸ ਜੇ ਹੋਵ ਤਾਂ (K)
HOU/LDH/0822/102496 ਬਰਾਂਚ ਦਫ਼ਤਰ : ਲੁਧਿਆਣਾ, ਰੋਸ਼ਨ ਕੁਮਾਰ, ਸ੍ਰੀ ਉਮੇਸ਼ ਠਾਕੁਰ, ਸ੍ਰੀਮਤੀ ਸੁਧਾ ਦੇਵੀ	Rs. 11,57,383.00/- (ਗਿਆਰਾਂ ਲੱਖ ਸਤਵੰਜਾ ਹਜਾਰ ਤਿੰਨ ਸੌ ਤਰਾਸੀ ਰੁ. ਸਿਰਫ) ਮਿਤੀ 5.10.2023 ਨੂੰ	ਭੌਤਿਕ	ਸਾਰੇ ਅਹਿਮ ਅਤੇ ਜ਼ਰੂਰੀ ਹਿੱਸੇ ਮਕਾਨ ਸਥਿਤ ਹੈ ਅੰਬੇਡਕਰ ਨਗਰ, ਗਲੀ ਨੰ. 23, ਮਿਣਤੀ 70 ਵ. ਗਜ, ਪਿੰਡ ਗਿਆਸਪੁਰਾ, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ, ਵਿੱਚ ਸ਼ਾਮਲ ਖਸਰਾ ਨੰ. 37//24-25/1-43//4-5/1, ਖਾਤਾ ਨੰ. 103/106, ਜਮਾਂਬੰਦੀ ਸਾਲ 2008-2009, ਹੱਦਬਸਤ ਨੰ. 261, ਸੁਧਾ ਦੇਵੀ ਪਤਨੀ ਉਮੇਸ਼ ਠਾਕੁਰ ਦੇ ਪੱਖ ਵਿੱਚ ਦਰਜ, ਦਸਤਾਵੇਜ਼ ਨੰ. 2022-2023/103/5988 ਮਿਤੀ 30.11.2022 ਨੂੰ ਸਬ ਰਜਿਸਟਰਾਰ/ਜੁਆਇਂਟ ਸਬ ਰਜਿਸਟਰਾਰ ਲੁਧਿਆਣਾ ਦੱਖਣੀ ਨਾਲ, ਹੱਦਾਂ: ਪੂਰਬ: ਗਲੀ 18 ਫੁੱਟ, ਚੌੜੀ ਸਾਈਡ 25 ਫੁੱਟ, ਪੱਛਮ: ਗੁਆਂਢੀ ਸਾਈਡ 25 ਫੁੱਟ, ਉਤਰ: ਮਾਨਸ ਕੁਮਾਰ ਸਾਈਡ 25 ਫੁੱਟ, ਦੱਖਣ: ਓਮ ਪ੍ਰਕਾਸ਼ ਸਾਈਡ 25 ਫੁੱਟ	ਰੁ: 12,51,000	ਰੁ: 1,25,100	12.02.2026	ਰੁ. 10,000	03.02.2026 ਸਵੇਰੇ 10.00 ਵਜੇ ਤੋਂ ਸ਼ਾਮ 5.30 ਵਜੇ	13.02.2026 ਬਾ.ਦੁ. 02.00 ਵਜੇ 03.00 ਵਜੇ	ਪਤਾ ਨਹੀਂ
HOU/JAL/1123/1183864 ਸ਼ਾਰਦਾ/ਸ੍ਰੀ ਬਬਲੂ ਬਰਾਂਚ ਦਫ਼ਤਰ : ਜਲੰਧਰ	Rs. 19,68,751.65/- (ਉੱਨੀ ਲੱਖ ਅਠਾਹਟ ਹਜਾਰ ਸੱਤ ਸੌ ਇਕਵੰਜਾ ਰੁ. ਪੈਂਹਟ ਪੈਸੇ ਸਿਰਫ) ਮਿਤੀ 8.10.2024 ਨੂੰ	ਭੌਤਿਕ	ਮਕਾਨ ਨੰ. 158 ਦਾ ਹਿੱਸਾ ਮਿਣਤੀ 02 ਮਰਲਾ 11 ਵ. ਫੁੱਟ (15'-0"x37'-0") ਸਥਿਤ ਹੈ ਬੀ ਸਟਾਰ ਪੈਰਾਡਾਈਜ਼, ਪਿੰਡ ਨੰਗਲ, ਸਲੇਮਪੁਰ, ਜਲੰਧਰ, ਪੰਜਾਬ-144009, ਜਮਾਂਬੰਦੀ ਸਾਲ 2018-2019, ਖੇਵਟ ਖਤੌਨੀ ਨੰ. 53/59-60-61-62, ਖਸਰਾ ਨੰ. 24//6, 24//15, ਹੱਦਾਂ : ਪੂਰਬ : ਹੋਰ/15'-0", ਪੱਛਮ : ਰੋਡ/15'-0", ਉਤਰ : ਸਤੀਸ਼ ਕੁਮਾਰ/37'-0", ਦੱਖਣ : ਸਨੀ/ਮਕਾਨ ਨੰ. 158/37'0' ਦਾ ਬਾਕੀ ਹਿੱਸਾ	ਰੁ: 12,33,000	ਰੁ. 1,23,300	12.02.2026	ਰੁ. 10,000	03.02.2026 ਸਵੇਰੇ 10.00 ਵਜੇ ਤੋਂ ਸ਼ਾਮ 5.30 ਵਜੇ	13.02.2026 ਬਾ.ਦੁ. 02.00 ਵਜੇ 03.00 ਵਜੇ	ਪਤਾ ਨਹੀਂ

* 18% ਸਾਲਾਨਾ ਦੀ ਦਰ ਨਾਲ ਵਿਆਜ ਸਮੇਤ ਜਿਵੇਂ ਕਿ ਲਾਗੂ ਹੋਵੇ, ਆਕਸਮਿਕ ਖ਼ਰਚੇ, ਲਾਗਤਾਂ, ਚਾਰਜਿਜ਼ ਆਦਿ ਨਾਲ, ਜੋ ਕਿ ਅਦਾਇਗੀ ਦੀ ਮਿਤੀ ਤੱਕ ਅਤੇ/ਜਾਂ ਪ੍ਰਾਪਤੀ ਤਕ। ** ਉੱਪਰ ਲਿਖੀਆਂ ਅਚੱਲ ਸੰਪੱਤੀਆਂ/ਸਕਿਉਰਡ ਐਸੇਟਸ 'ਤੇ ਪੀਐਨਬੀ ਹਾਊਸਿੰਗ ਫਾਇਨਾਂਸ ਲਿਮਟਿਡ ਦੇ ਅਧਿਕਾਰਤ ਅਫ਼ਸਰ ਦੀ ਪੂਰੀ ਜਾਣਕਾਰੀ ਅਨੁਸਾਰ ਕਾਲਮ ਨੰ 'ਕੇ' ਵਿਚ ਦਿੱਤੇ ਅਨੁਸਾਰ ਕੋਈ ਦਾਅਵੇਦਾਰੀਆਂ ਨਹੀਂ ਹਨ। ਜੇਕਰ ਕੋਈ ਝੰਜਟ ਹੋਇਆ ਤਾਂ ਸਫ਼ਲ ਬੋਲੀਕਾਰ/ਖ਼ਰੀਦਦਾਰ ਇਸਦੀ ਅਦਾਇਗੀ ਕਰੇਗਾ। ਇੱਛੁਕ ਬੋਲੀਕਾਰ/ਖ਼ਰੀਦਦਾਰ ਨੂੰ ਇਸ ਲਈ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਜਾਇਦਾਦ ਸਬੰਧੀ ਕਿਸੇ ਤਰ੍ਹਾਂ ਦੇ ਝੰਜਟ ਬਾਰੇ ਖੁਦ ਤਸੱਲੀ ਕਰ ਲੈਣ।
1. ਉਪਰੋਕਤ ਅਚੱਲ ਜਾਇਦਾਦਾਂ/ਸਕਿਉਰਡ ਅਸਾਸਿਆਂ ਨੂੰ ਵੇਚਣ, ਦੂਰ ਕਰਨ ਜਾਂ ਡਿਸਪੋਜ਼ ਕਰਨ ਲਈ ਪੀਐਨਬੀਐਚਐਫਐਲ/ਪੀਐਨਬੀਐਚਐਫਐਲ ਦੇ ਅਧਿਕਾਰਤ ਅਫ਼ਸਰ ਨੂੰ ਅਦਾਲਤ ਵੱਲੋਂ ਕੋਈ ਆਦੇਸ਼ ਨਹੀਂ ਹੈ।
2. ਚਾਹਵਾਨ ਖਰੀਦਦਾਰ/ਬੋਲੀਕਾਰ ਅਤੇ ਚਾਹਵਾਨ ਧਿਰਾਂ ਆਜ਼ਾਦਾਨਾ ਤੌਰ 'ਤੇ ਕਾਰਵਾਈ/ਪਾਸ ਹੁਕਮਾਂ ਆਦਿ ਵਿਚ ਜੇ ਕੋਈ ਹੈ ਦੀ ਪੜਤਾਲ ਕਰ ਸਕਦੇ ਹਨ ਜਿਵੇਂ ਕਿ ਕਾਲਮ 'ਕੇ' ਵਿਚ ਦੱਸਿਆ ਗਿਆ ਹੈ। ਜਿਸ ਵਿਚ ਪੀਐਨਬੀਐਚਐਫਐਲ ਦੇ ਦਸਤਾਵੇਜ਼ਾਂ ਨੂੰ ਸ਼ਾਮਲ ਕਰਨਾ ਸੀਮਤ ਨਹੀਂ ਹੈ ਬੋਲੀਕਾਰ/ਟੈਂਡਰਕਾਰ ਆਪਣੇ ਟੈਂਡਰ ਜਮਾਂ ਕਰਾਉਣ ਤੋਂ ਪਹਿਲਾਂ ਆਪਣੀ ਸੰਤੁਸ਼ਟੀ ਕਰ ਲੈਣ। ਬੋਲੀਕਾਰਾਂ ਨੂੰ ਬੋਲੀ ਫਾਰਮ 'ਤੇ ਨਿਲਾਮੀ ਦੇ ਨਿਯਮ ਤੇ ਸ਼ਰਤਾਂ 'ਤੇ ਹਸਤਾਖਰ ਕਰਨੇ ਪੈਂਦੇ ਹਨ।
3. ਕ੍ਰਿਪਾ ਕਰਕੇ ਨੋਟ ਕਰੋ ਕਿ ਸਕਿਉਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 9(3) ਤਹਿਤ ਵਿਕਰੀ ਰਕਮ ਦਾ 25% ਕਾਨੂੰਨੀ ਬੋਂਡ ਦੇ ਰੂਪ ਵਿਚ ਉਸੇ ਦਿਨ ਜਮਾਂ ਕਰਾਉਣਾ ਹੋਵੇਗਾ (ਸਮੇਤ ਬਿਆਨਾਂ ਰਕਮ, ਜੇਕਰ ਜਮਾਂ ਕੀਤੀ ਹੈ) ਜਾਂ ਅਗਲੇ ਕੰਮ ਕਾਜ ਵਾਲੇ ਦਿਨ। ਬਾਕੀ ਰਹਿੰਦੀ 75% ਰਕਮ ਸਫ਼ਲ ਖਰੀਦਦਾਰ ਵੱਲੋਂ ਵਿਕਰੀ ਪੁਸ਼ਟੀ ਪੱਤਰ ਦੀ ਮਿਤੀ ਤੋਂ 15 ਦਿਨਾਂ ਦੇ ਅੰਦਰ ਅੰਦਰ ਜਮਾਂ ਕਰਵਾਈ ਜਾਵੇਗੀ ਅਤੇ ਜੇਕਰ ਖਰੀਦਦਾਰ ਵਿਚ ਅਸਫਲ ਰਿਹਾ ਤਾਂ ਜਾਇਦਾਦ/ਸਕਿਉਰਡ ਐਸੇਟ ਮੁੜ ਤੋਂ ਵੇਚੀ ਜਾਵੇਗੀ।
4. ਮੈਸ : ਸੀ1 ਇੰਡੀਆ ਪ੍ਰਾਈਵੇਟ ਲਿਮਟਿਡ ਈ ਨਿਲਾਮੀ ਰਾਹੀਂ ਇਸ ਦੇ ਕਾਰਪੋਰੇਟ ਦਫ਼ਤਰ ਪਲਾਟ ਨੰ. 68, ਤੀਜੀ ਮੰਜ਼ਿਲ, ਸੈਕਟਰ 44, ਗੁੜਗਾਓਂ, ਹਰਿਆਣਾ-122003, ਵੈਬਸਾਈਟ : www.bankeauctions.com ਰਾਹੀਂ ਵਿਕਰੀ ਕਰਨ ਵਿਚ ਅਧਿਕਾਰਤ ਅਫ਼ਸਰ ਦੀ ਸਹਾਇਤਾ ਕਰੇਗੀ। ਜਾਇਦਾਦ ਦੀ ਪੜਤਾਲ ਕਰਨ ਜਾਂ ਬੋਲੀ ਦਸਤਾਵੇਜ ਪ੍ਰਾਪਤ ਕਰਨ ਅਤੇ ਕਿਸੇ ਹੋਰ ਪੁੱਛਗਿੱਛ ਲਈ ਜਾਂ ਰਜਿਸਟ੍ਰੇਸ਼ਨ ਲਈ ਕਿਸੇ ਵੀ ਸਹਾਇਤਾ ਲਈ ਪੀਐਨਬੀ ਦੇ ਅਧਿਕਾਰਤ ਅਫ਼ਸਰ ਨਾਲ ਕਿਸ਼ੋਰ ਕੁਮਾਰ, ਤਰਸੇਮ ਕੁਮਾਰ ਸੰਪਰਕ ਨੰਬਰ 18181208800 ਨਾਲ ਸੰਪਰਕ ਕਰੋ ਜਾਂ ਪੀਐਨਬੀਐਚਐਫ਼ਐਲ ਦੇ ਅਧਿਕਾਰਤ ਅਫ਼ਸਰ ਨਾਲ ਜਾਂ www.pnbhhouse.com ਦਾ ਹਵਾਲਾ ਲਓ।

ਸਥਾਨ : ਲੁਧਿਆਣਾ, ਜਲੰਧਰ, ਮਿਤੀ : 28.01.2026
ਸਹੀ/- ਅਧਿਕਾਰਤ ਅਫ਼ਸਰ, ਪੀਐਨਬੀ ਹਾਊਸਿੰਗ ਫਾਈਨਾਂਸ ਲਿਮਟਿਡ